# ਵਤਨੋਂ ਦੂਰ




ਫੈਨਿਕਸ ਤੇ ਪਰਮੀਥੀਅਸ ਦਾ ਮਤਾ

ਸਾਨੂੰ ਸਾੜ ਕੇ ਸੁਆਹ ਤੇ ਮਿੱਟੀ ਕਰਨ
ਵਾਲਿਓ! ਉਪਰ ਵਾਲਿਆਂ ਦੇ ਹੁਕਮ ਤੇ
ਸਾਡਾ ਕਾਲਜਾ ਚੱਘਣ ਵਾਲਿਓ ਬਾਜ਼ੋ!
ਅਸੀਂ ਚਾਨਣ ਚੁਰਾਵਣ ਵਾਲੇ ਨਹੀਂ
ਖੋਹਣ ਵਾਲੇ ਹਾਂ
ਆਪਣੀ ਸੁਆਹ ਵਿਚੋਂ
ਮੁੜ ਅਸੀਂ ਜੰਮਾਂਗੇ।
ਸਾਡਾ ਕਾਲਜਾ ਰੱਤੋ-ਰਤ
ਮੁੜ ਆਪਣੀ ਜਗ੍ਹਾ ਤੇ
ਆ ਪਸਰੇਗਾ।

ਫ਼ਖ਼ਰ ਜ਼ਮਾਂ

WATNO DUR; NOV/DEC. 78
P.O. BOX 67681 Stn.'O' VAN. B.C. V5W 3V2





## PHARMACY

ਮੇਨ ਸਟਰੀਟ ਅਤੇ ਫੋਰਟੀ ਫਸਟ (MAIN AT 41ST) ਦੇ ਕਾਰਨਰ
ਤੇ ਮਸ਼ਹੂਰ "ਪਿਉਪਲਜ਼ ਡਰੱਗ ਮਾਰਟ" ਤੁਹਾਡਾ ਆਪਣਾ ਡਰੱਗ
ਸਟੋਰ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਸਮਾਨ ਬਹੁਤ ਹੀ
ਸਸਤੀਆਂ ਕੀਮਤਾਂ ਤੇ ਐਸ਼ ਨਾਲ **ਹਿੰਦੀ ਪੰਜਾਬੀ** ਵਿਚ ਗੱਲਬਾਤ
ਕਰਕੇ ਪ੍ਰਾਪਤ ਕਰ ਸਕਦੇ ਹੋ। ਸਾਡੀ ਸਰਵਿਸ ਸਾਰੇ ਸ਼ਹਿਰ ਚੋਂ
ਵਧੀਆ ਹੈ। ਆਓ ਤੇ ਖੁਦ ਪਰਖਾਂ ਕੇ ਵੇਖੋ। ਸਾਡੀ ਸਟੋਰ ਵਿਚ
ਆਓ ਤੇ ਦਸੰਬਰ 31, 78 ਤੱਕ ਇਕ ਮੁਫਤ ਆਈਸ ਸਕਰੈਪਰ
ਪ੍ਰਾਪਤ ਕਰੋ। "ਆਈਸ ਸਕਰੈਪਰ" ਲੈਣ ਲਈ ਕੁੱਝ ਵੀ ਖ੍ਰੀਦਣ ਦੀ ਲੋੜ
ਨਹੀਂ ਸਿਰਫ ਵਤਨੋਂ ਦੂਰ ਦਾ ਹਵਾਲਾ ਦੇ ਦਿਓ।

WORRIED ABOUT HIGH PRESCRIPTION PRICES?
THEN TRY ONE OF OUR TWO LOCATIONS:

**Peoples Drug Mart**

5695 Main at 41st
Vancouver, B.C.
Phone: 327-4315

AND

*Pharmacare Prescriptions Filled At No Charge*

**KAN PHARMACY LTD.**

3399 Cambie St. at 18th Ave.
Vancouver, B.C.
Phone: 876-1010

*WILLIAMS COLOR PHOTO FINISHING CENTRE*
*for fast, reliable and quality service.*

## BOMBAY GROCERY STORE

3950 MAIN STREET, VANCOUVER
874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



*NARESH SHUKLA*

## Bombay Curry Restaurant

*Licensed Premises*

3934 MAIN STREET, (23rd Ave.)
VANCOUVER
874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

WHOLESALE

ਸਸਤੇ ਭਾਅ ਗਰਾਸਰੀ ਖਰੀਦਣ ਲਈ ਤੇ ਸਵਾਦਿਸ਼ਟ ਖਾਣੇ ਲਈ

ਦਰਸ਼ਨ ਦਿਉ

RETAIL

*A DIVISION OF*

# SHUKLA ENTERPRISES LTD.
# NARESH SHUKLA & BROTHERS

---

*Your Neighbourhood Agent*

# GIFFIN INSURANCE AGENCIES LTD.
# 28th & FRASER

#205-4381 FRASER Vancouver, B.C.

SPECIALIST
GENERAL INSURANCE
HOME OWNER - BUSINESS

*AUTO INSURANCE & LICENCE
* FIRE, THEFT & LIABILITY
* ACCIDENT & SICKNESS
* NO DEDUCTIBLE GLASS COVERAGE

ਹੁਣ ਤੁਸੀਂ ਕਾਰ ਇੰਸ਼ੋਰੈਂਸ (WITH PRIVATE INS. CO.)
ਵਿਚ ਹੇਠ ਲਿਖੀਆਂ ਸਹੂਲਤਾਂ ਲੈ ਸਕਦੇ ਹੋ:-

* ਤਿੰਨ ਸਾਲ ਦਾ ਬਿਨਾਂ CLAIM ਤੋਂ ਡਿਸਕਾਊਂਟ

* RENTAL CAR — IN CASE OF COLLISION

* C. B. RADIO INSURANCE

* TAPE DECK



**T S. DHALIWAL**

**OFFICE: 874-4241**
**RES: 584-1596**

**24 hrs. service**

**call 522-3907 (Pager 307) Leave your phone No.**

**WATNO DUR**
**P.O. Box 67681**
**Postal Stn. 'O'**
**Vancouver, B.C.**
**V5W 3V2**

**VOL 7. NO. 64 & 65 NOV/DEC. 78**

**2nd Class Mail Reg. No. 3233**
**ANNUAL SUBSCRIPTION:** Canada-U.S.A. $ 7.00
Other SEA $ 7.00
Countries AIR $10.00

**EDITORIAL BOARD:**
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
Sarwan Boal, Montreal (679-8132)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)


*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

# ਇਸ ਅੰਕ ਵਿਚ:—

## ਕਹਾਣੀਆਂ —


| | |
|---|---|
| ਰਣਜੀਤ ਚੌਪੜੀਆ | 8 |
| ਅਹਿਮਦ ਨਦੀਮ ਕਾਸਮੀ | 10 |
| ਸੁਰਿੰਦਰ ਕੈਲੇ | 23 |
| ਸਾਧੂ | 33 |


## ਕਵਿਤਾ —


| | |
|---|---|
| ਸੁਰਿੰਦਰ ਧੰਜਲ | 6 |
| ਪਵਿੱਤਰ ਧੱਧਣੀ | 6 |
| ਨਾਜਰ ਸਿੰਘ ਤਰਸ | 6 |
| ਪ੍ਰੋ: ਰਜ਼ਾਗ ਸਿੰਘ | 7 |
| ਕੁਲਦੀਪ ਕਲਗਾਉ | 29 |
| ਦੇਵ ਗਉਕੇ | 30 |


## ਇੰਟਰਵਿਊ —


| | |
|---|---|
| ਕਰਨੈਲ ਸਿੰਘ | 15 |


## ਲੇਖ —


| | |
|---|---|
| ਗੁਰਬਚਨ ਸਿੰਘ ਭੁੱਲਰ | 20 |
| ਜੈਕਾਰਾ ਵਿਰਕ | 26 |
| ਉੱਜਲ ਦੋਸਾਂਝ | 31 |
| ਸਾਧੂ | 33 |
| ਫਖਰ ਜਮਾਨ ਬਾਰੇ | 22 |
| ਪੁਸਤਕ ਚਰਚਾ | 28 |
| ਦਰਪਣ | 37 |


ਮੁੱਖ ਚਿੱਤਰ:

ਫੀਨਿਕਸ, ਮਿਸਰ ਦਾ ਇਕ ਮਿਥਿਹਾਸਕ ਪੰਛੀ ਹੈ ਜੋ ਆਪਣੀ ਅੱਗ ਵਿਚ ਸੜ ਕੇ ਆਪਣੀ ਹੀ ਰਾਖ ਵਿਚੋਂ ਮੁੜ ਨਵ ਜਨਮ ਲੈ ਲੈਂਦਾ ਹੈ ਇਸ ਨੂੰ ਦੁਨੀਆ ਭਰ ਦੇ ਸਾਹਿਤ ਵਿਚ ਸਦੀਵਤਾ ਅਤੇ ਪੁਨਰ-ਜੀਵਤ ਹੋਣ ਦੇ ਚਿੰਨ੍ਹ ਵਜੋਂ ਵਰਤਿਆ ਗਿਆ ਹੈ। (ਸ.ਕ.)

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਐਡੀਟੋਰੀਅਲ

ਇਹ ਅੰਕ ਸਾਡਾ ਇਸ ਸਾਲ ਦਾ ਆਖਰੀ ਅੰਕ ਹੈ। ਸਾਨੂੰ ਅਫਸੋਸ ਹੈ ਕਿ ਇਸ ਸਾਲ ਵਿਚ ਸਿਰਫ ਨੌ ਅੰਕ ਹੀ ਪਾਠਕਾਂ ਨੂੰ ਦੇ ਸਕੇ ਹਾਂ। ਆਪਣੀਆਂ ਮਜਬੂਰੀਆਂ ਦਾ ਅਸੀਂ ਵੀ ਜ਼ਿਕਰ ਕਰ ਚੁੱਕੇ ਹਾਂ। ਇਸ ਵਕਤ ਵੈਨਕੂਵਰ ਦੀ ਪੰਜਾਬੀ ਤੇ ਹਿੰਦੁਸਤਾਨੀ ਕਮਿਊਨਿਟੀ ਵਿਚੋਂ ਅੱਠ ਤੋਂ ਉਪਰ ਅਖਬਾਰਾਂ ਤੇ ਪਰਚੇ ਨਿਕਲ ਰਹੇ ਹਨ। ਇਹ ਸਾਰੇ ਪਰਚੇ ਵਪਾਰੀਆਂ ਦੇ ਸਿਰ ਉਤੇ ਹੀ ਚਲਦੇ ਹਨ। 'ਵਤਨੋਂ ਦੂਰ' ਦੀਆਂ ਨਿਰੋਲ, ਸਿਧਾਂਤਮੰਦ ਤੇ ਅਗਾਂਹਵਧੂ ਸਾਹਿਤਕ ਨੀਤੀਆਂ ਕਾਰਨ, ਇਸ ਨੂੰ ਕਾਫੀ ਕਠਨਾਈਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਪਰ ਇਹੋ ਜਿਹੀਆਂ ਗੱਲਾਂ ਨਾਲ ਸਾਡੇ ਸਾਹਿਤਕ ਹੌਸਲਿਆਂ ਨੂੰ ਕੋਈ ਫਰਕ ਨਹੀਂ ਪੈਂਦਾ। ਆਉਣ ਵਾਲੇ ਸਮੇਂ ਲਈ ਅਸੀਂ ਕੋਈ ਫੋਕੀ ਬੜ੍ਹਕ ਤਾਂ ਨਹੀਂ ਮਾਰਨੀ ਚਾਹੁੰਦੇ ਪਰ ਸੰਭਵ ਹੈ ਕਿ ਸ਼ਾਇਦ ਅਸੀਂ ਪਰਚਾ ਸਿਰਫ ਪਾਠਕਾਂ ਦੀ ਮੱਦਦ ਨਾਲ ਹੀ ਚਲਾਉਣ ਵਿਚ ਕਾਮਯਾਬ ਹੋ ਜਾਈਏ। ਸਾਨੂੰ ਸਾਡੇ ਬਹੁਤ ਸਾਰੇ ਪਾਠਕਾਂ ਨੇ ਇਸ ਬਾਰੇ ਯਕੀਨ ਦੁਆਇਆ ਹੈ ਅਤੇ ਅਸੀਂ ਕਾਫੀ ਆਸਵੰਦ ਹਾਂ ਕਿ ਕੈਨੇਡਾ ਤੇ ਇੰਗਲੈਂਡ ਦੇ ਪੰਜਾਬੀ ਪਾਠਕ ਮਿਲ ਕੇ ਘੱਟੋ ਘੱਟ ਇਕ ਸਾਹਿਤਕ ਪਰਚਾ ਤਾਂ ਜ਼ਰੂਰ ਕੱਢ ਸਕਦੇ ਹਨ। ਤੇ ਸਾਨੂੰ ਉਮੀਦ ਅਤੇ ਪੂਰਾ ਭਰੋਸਾ ਹੈ ਕਿ ਹਰ ਪਾਠਕ ਜਿਹੜਾ ਇਸ ਕਿਸਮ ਦੇ ਪਰਚੇ ਦੀ ਲੋੜ ਮਹਿਸੂਸ ਕਰਦਾ ਹੈ ਜ਼ਰੂਰ ਹੀ ਨਵੇਂ ਪਾਠਕ ਪੈਦਾ ਕਰਨ ਵਿਚ ਹਿੱਸਾ ਪਾਵੇਗਾ। ਅਸੀਂ ਆਪਣੇ ਭਾਰਤ ਤੇ ਹੋਰ ਮੁਲਕਾਂ ਵਿਚ ਰਹਿੰਦੇ ਪਾਠਕਾਂ ਨੂੰ ਜਿਹਨਾਂ ਨੂੰ ਪਰਚਾ ਮੁਫਤ ਜਾਂਦਾ ਰਿਹਾ ਹੈ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਆਪਣੀ ਹਰ ਕੋਸ਼ਿਸ਼ ਕਰਾਂਗੇ ਕਿ ਉਹਨਾਂ ਨੂੰ ਪਰਚਾ ਪਹਿਲੇ ਵਾਂਗ ਮਿਲਦਾ ਰਹੇ।

ਸਾਨੂੰ ਇਕ ਪਾਠਕ (ਤਾਰਾ ਸਿੰਘ ਹੇਅਰ, ਸਰੀ) ਦਾ ਖਤ ਆਇਆ ਹੈ ਜਿਹਦੇ ਵਿਚ ਉਸਨੇ ਗਿਲਾ ਕੀਤਾ ਹੈ ਕਿ ਉਹਨੂੰ ਦਸਾਂ ਮਹੀਨਿਆਂ ਵਿਚ ਸਿਰਫ ਅੱਠ ਹੀ ਅੰਕ ਮਿਲੇ ਹਨ। ਉਸ ਪਾਠਕ ਨੇ ਸਾਡੇ ਕੋਲੋਂ ਬੜੇ ਗੁੱਸੇ ਵਿਚ ਪੁੱਛਿਆ ਹੈ ਕਿ ਅਸੀਂ ਇਹ ਕਿਸ ਕਿਸਮ ਦਾ 'ਬਿਜ਼ਨੈਸ' ਕਰਦੇ ਹਾਂ? ਇਸ ਦੇ ਜਵਾਬ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸ੍ਰੀ ਮਾਨ ਜੀ 'ਵਤਨੋਂ ਦੂਰ' ਕੋਈ 'ਬਿਜ਼ਨੈਸ' ਨਹੀਂ। ਜੇ ਇਹ 'ਬਿਜ਼ਨੈਸ' ਹੁੰਦਾ ਤਾਂ ਜ਼ਰੂਰ ਹੀ ਇਹਦੀ ਕੋਈ ਰੂਪਰੇਖਾ ਹੋਰ ਹੁੰਦੀ, ਰੂਹ ਵਾਲੀ ਨਹੀਂ, ਤੇ ਇਹਨੂੰ ਮੌਜੂਦਾ ਮਾਇਕ ਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਵਿਚੋਂ ਨਾ ਲੰਘਣਾ ਪੈਂਦਾ। ਜੇ ਇਹ 'ਬਿਜ਼ਨੈਸ' ਹੁੰਦਾ ਤਾਂ ਅਸੀਂ ਦੁਨੀਆਂ ਦੇ ਹਰ ਮੁਲਕ ਵਿਚ ਵਸਦੇ ਪੰਜਾਬੀ ਪਾਠਕਾਂ ਨੂੰ ਬਿਨਾਂ ਕਿਸੇ ਖਰਚੇ ਦੇ ਹਵਾਈ ਡਾਕ ਰਾਹੀਂ ਪਰਚੇ ਭੇਜ ਕੇ ਆਪਣਾ ਵਾਧੂ ਪੈਸਾ ਨਾ ਖਰਚ ਕਰਦੇ। ਅਸੀਂ ਇਕ ਸਰਮਾਏਦਾਰ ਮੁਲਕ ਵਿਚ ਰਹਿੰਦੇ ਹਾਂ ਤੇ ਪਰਚੇ ਅਖਬਾਰਾਂ ਚਲਾਉਣ ਦੇ ਮਾਰਕੀਟ ਨੁਕਤਿਆਂ ਨੂੰ ਭਲੀਭਾਂਤ ਸਮਝਦੇ ਹਾਂ। ਜੇ ਨਾ ਵੀ ਜਾਣਦੇ ਹੋਈਏ ਤਾਂ ਆਲੇ ਦੁਆਲੇ ਦੇ ਅਖਬਾਰਾਂ ਵੱਲ ਦੇਖ ਕੇ ਸਿੱਖ ਸਕਦੇ ਹਾਂ। ਪਰ ਸ੍ਰੀ ਮਾਨ ਜੀ ਮਸਲਾ ਇਥੇ 'ਬਿਜ਼ਨੈਸ' ਸਿੱਖਣ ਜਾਂ ਆਉਣ ਦਾ ਨਹੀਂ 'ਬਿਜ਼ਨੈਸ ਕਰਨ ਜਾਂ ਨਾ ਕਰਨ ਦਾ ਹੈ। ਤੇ 'ਵਤਨੋਂ ਦੂਰ' 'ਬਿਜ਼ਨੈਸ' ਨਹੀਂ ਹੈ। ਪਰ ਫੇਰ ਵੀ ਅਸੀਂ ਆਪਣੇ ਪਾਠਕ ਨੂੰ ਇਹ ਭਰੋਸਾ ਦੁਆਣਾ ਚਾਹੁੰਦੇ ਹਾਂ ਕਿ ਉਹਨੂੰ ਉਹਦੇ ਪੰਜਾਂ ਜਾਂ ਸੱਤਾਂ ਡਾਲਰਾਂ ਵਿਚ ਅਸੀਂ ਬਾਰਾਂ ਅੰਕ ਜ਼ਰੂਰ ਦੇਵਾਂਗੇ ਬੇਸ਼ਕ ਉਹ ਬਾਰਾਂ ਮਹੀਨਿਆਂ 'ਚ ਦੇਈਏ ਜਾਂ ਪੰਦਰਾਂ ਮਹੀਨਿਆਂ 'ਚ।

ਸਾਧੂ

## ਪਿਆਰ

**ਸੁਰਿੰਦਰ ਧੰਜਲ**

ਜਦੋਂ ਇਕ ਕੁੜੀ ਨੇ ਉਸਨੂੰ ਕਿਹਾ ਮੈਂ ਤੈਨੂੰ ਪਿਆਰ ਕਰਦੀ ਹਾਂ
ਉਸਨੇ ਆਪਣੀਆਂ ਉਦਾਸ ਝਿੰਮਣੀਆਂ ਉਪਰ ਉਠਾਕੇ ਵੇਖਿਆ
ਜਿਵੇਂ ਉਹ ਹਰ ਵਸਤੂ ਨੂੰ ਅਜਨਬੀ ਕੋਨ ਤੋਂ ਵੇਖਦਾ ਹੈ ਅੱਜਕਲ
ਜਾਂ ਵਿਸ਼ਵ-ਵਿਦਿਆਲੇ ਦੀ ਸੱਤਵੀਂ ਮੰਜ਼ਲ ਤੋਂ
ਕਿਸੇ ਪਰਬਤ ਦੀ ਚੋਟੀ, ਆਕਾਸ਼ ਤੇ ਸਮੁੰਦਰ ਨੂੰ
ਵੇਖਦਿਆਂ ਹੋਇਆਂ ਵੀ ਉਹ ਵੇਖ ਨਹੀਂ ਰਿਹਾ ਹੁੰਦਾ
ਕਿਸੇ ਮਹਿਫ਼ਲ 'ਚ ਜਾਣ ਤੋਂ ਪਹਿਲਾਂ
ਆਪਣੀ ਉਦਾਸੀ ਸੱਤ ਬੂਹਿਆਂ ਵਾਲੀ ਗੁਫ਼ਾ 'ਚ ਬੰਦ ਕਰ ਦਿੰਦਾ ਹੈ
ਕੋਈ ਉਸਨੂੰ ਮਸਤ ਮਲੰਗ ਹਸੰਦੜ ਕਹਿੰਦਾ ਹੈ
ਕੋਈ ਕੋਹੜਾ ਰੁਖਾ ਅਭਿਮਾਨੀ ਜਾਂ ਕੁਝ ਹੋਰ
ਸਭ ਕੁਝ ਨੂੰ ਚਿਥਦਾ ਜਦੋਂ ਘਰ ਪਰਤਦਾ ਹੈ
ਵਿਸ਼ਾਲ ਦੁਨੀਆਂ ਸਿਮਟ ਜਾਂਦੀ ਹੈ :
ਸਾਗਰ—ਪਾਣੀ ਦਾ ਗਲਾਸ
ਆਕਾਸ਼—ਉਹਦੇ ਕਮਰੇ ਦੀ ਛੱਤ
ਤੇ ਸੂਰਜ—ਨੰਨਾ ਬੱਲਬ
ਉਹ ਆਪਣੇ ਆਪ ਨੂੰ ਘੁੱਟਕੇ ਜੱਫੀ ਪਾਕੇ ਮਿਲਦਾ ਹੈ
ਅਤੇ 'ਪਿਆਰ' ਦੇ ਅਰਥ ਲੱਭਣ ਲਗਦਾ ਹੈ ।

o o o

## ਗ਼ਜ਼ਲ

**ਨਾਜ਼ਰ ਸਿੰਘ ਤਰਸ**

ਕਿਹੜੇ ਸੁਰਗ ਨੂੰ ਜਾਣ 'ਦੇ ਸੁਪਨੇ ਲਵੋਂ ?
ਦੁਨੀਆਂ ਨੂੰ ਸਵਰਗ ਬਨਾਣ ਦੇ ਸੁਪਨੇ ਲਵੋ ।
ਘੂਕ ਸੌਂ ਜਾਣਾ ਹੀ ਤਾਂ ਮੰਜ਼ਲ ਨਹੀਂ,
ਮੰਜ਼ਲ ਦੇ ਉਤੇ ਜਾਣ ਦੇ ਸੁਪਨੇ ਲਵੋ ।
ਓ ਮਹਿਲ ਧਨੀਆਂ ਦੇ ਉਸਾਰਨ ਵਾਲਿਓ ?
ਅਪਣਾ ਭੀ ਕੁਝ ਬਣਾਨ ਦੇ ਸੁਪਨੇ ਲਵੋ ।
ਉਮਰਾਂ ਤੋਂ ਮਾਰੂ ਰਾਗ ਹੀ ਗਾਉਂਦੇ ਰਹੇ ।
ਮਲ੍ਹਾਰ ਦੀਪਕ ਗਾਣ ਦੇ ਸੁਪਨੇ ਲਵੋ ।
ਢੋ ਲਿਆ ਹਨੇਰਾ ਬਥੇਰਾ ਢੋ ਲਿਆ,
ਹਨੇਰੇ ਨੂੰ ਹੁਣ ਰੁਸ਼ਨਾਣ ਦੇ ਸੁਪਨੇ ਲਵੋ ।
ਗਰਦਸ਼ ਨੂੰ ਫੂਕਣ ਵਾਸਤੇ ਭਾਂਬੜ ਬਣੋ,
ਤੱਪਿਆਂ ਲਈ ਠੰਡ ਵਰਤਾਣ ਦੇ ਸੁਪਨੇ ਲਵੋ ।
ਜੀਉਣ ਦੇ ਲਈ 'ਤਰਸ' ਦੁਨੀਆਂ ਤੇ ਸਦਾ,
ਨਾ ਭੁੱਲ ਕੇ ਮਰ ਜਾਣ ਦੇ ਸੁਪਨੇ ਲਵੋ ।

o [ਹੰਸਲੋ-ਮਿਡੈਕਸ-ਯੂ. ਕੇ,]

# ਮਾਂ ਦੀ ਚਿੱਠੀ

**ਬਚਿੱਤਰ ਸਿੰਘ ਬੱਧਣੀ**

ਪੁੱਤ ਥੱਕਗੀ ਮੈਂ ਤੈਨੂੰ ਪਾ ਪਾ ਚਿੱਠੀਆਂ,
ਪਰ ਆਪਣੇ ਦਿੱਤਾ ਨਾ ਕਦੇ ਵੀ ਜਵਾਬ
ਕਿ ਮੈਂ ਛੇਤੀ ਆ ਰਿਹਾ ਹਾਂ।
ਵਾਰੇ ਵਾਰਣ ਦੀ ਕੀਤੀ ਕੌਣੀ ਵਾਂਗ
ਅੱਖਾਂ ਫੇਰ ਹੋ ਗਈਆਂ ਗਿੱਲੀਆਂ
ਤੇ ਲਿਖ ਰਹੀ ਹਾਂ ਇਹ ਆਖ਼ਰੀ ਚਿੱਠੀ...
ਲੋਕਾਂ ਤੋਂ ਸੁਣਦੀ ਹੁੰਦੀ ਸੀ ਗੱਲਾਂ ਕਿ ਬਾਹਰ ਜਾ ਕੇ ਭੁੱਲ ਜਾਂਦੇ ਨੇ
ਨਾਲ ਦੇ ਰੁਲਦੇ ਭੈਣਾਂ ਭਰਾਵਾਂ ਨੂੰ ਤੇ ਘਰਦੀ ਹਾਲਤ ਨੂੰ,
ਜਿਸ ਵਿਚ ਕਦੇ ਹੁੰਦਾ ਨੀ ਸੀ ਆਟਾ ਇਕ ਡੰਗ ਦਾ
ਤੇ ਲਿਆ ਕੇ ਕੂੜੀ ਸਫਾਈ ਤੇ ਕਹਿਰ ਕਟਦੀ ਸੀ ਦਿਹਾੜੇ।
ਅੱਜ ਤਾਂ ਆ ਗਿਆ ਮੈਨੂੰ ਵੀ ਯਕੀਨ
ਕਿ ਮੇਰਾ ਪੁੱਤ ਭੁੱਲ ਗਿਆ ਹੈ ਆਪਣੀ ਮਾਂ ਨੂੰ
ਜਿਸਨੇ ਆਪਣੇ ਮੂੰਹ ਵਿੱਚੋਂ ਕੱਢਕੇ ਟੁੱਕ ਦੀ ਬੁਰਕੀ
ਮਿਟਾਈ ਸੀ ਤੇਰੀ ਭੁੱਖ।
ਤੇ ਤੂੰ ਹੁਣ ਕਰਦਾ ਹੈਂ ਪਰਾਇਆਂ ਨਾਲ ਪਿਆਰ
ਜਿਨ੍ਹਾਂ ਨੇ ਕਈ ਸਾਲ ਸਾਡੀ ਕੁੱਲੀ ਵਿੱਚ ਛੱਡਿਆ ਨੀ ਕੱਖ,
ਤੇ ਪਹਿਨ ਰਿਹਾ ਹੈਂ ਤੂੰ "ਚਿੱਟੇ ਰੰਗ ਦੀਆਂ ਜੈਕਟਾਂ"
ਜਿਨ੍ਹਾਂ ਦੇ ਅੰਦਰ ਹੈ ਕਾਲੀ ਉੱਨ
ਤੇ ਇਹ ਕਿੰਨਾਂ ਚਿਰ ਰੋਕ ਸਕਦੀਆਂ ਹਨ ਤੇਰੇ ਦਿਲ ਦੀ ਠੰਡ ਨੂੰ
ਜਿਨ੍ਹਾਂ ਦਾ ਤੇਰੀ ਜੇਬ ਨਾਲ ਹੀ ਹੈ ਰਿਸ਼ਤਾ
ਕਰਦੀ ਹਾਂ ਚਿੱਠੀ ਬੰਦ ਲਿਖ ਕੇ ਇਹ ਦੋ ਗੱਲਾਂ
ਭੁੱਲ ਗਿਆ ਤੂੰ ਪੁੱਤ ਉਹ ਦਿਨ ਜਦੋਂ ਤੇਰੀ ਮਾਂ ਤੈਨੂੰ
ਲੋਰੀਆਂ ਸੱਦ ਪਾਉਂਦੀ ਸੀ ਤੇ ਆਪ ਸਾਰੀ ਰਾਤ ਜਾਗਕੇ
ਲੰਘਾਉਂਦੀ ਸੀ ਤੇ ਵੇਖਦੀ ਸੀ ਤੇਰੇ ਵੱਲ ਕਿਤੇ
ਉਖੜ ਨਾ ਜਾਵੇ ਤੇਰੀ ਨੀਂਦ
ਤੇ ਉੱਠ ਨਾ ਖੜੇ ਮੇਰਾ ਲਾਲ।
ਜਿੰਦੇ ਫੁੱਟੇ ਰੋਂਦੀਂ ਸੀ ਤੇਰਾ ਮੁੱਖ,
ਖਵਰੇ ਲੱਗ ਨਾ ਗਈ ਹੋਵੇ ਤੇਰੇ ਉੱਤੇ
ਦਿੱਤੀ ਹੋਈ ਸਿਰ ਵਾਲੀ ਪਾਟੀ ਚੁੰਨੀ
ਪਰ ਤੈਨੂੰ ਫਿਰ ਵੀ ਨਹੀਂ ਯਾਦ ਆਇਆ
ਸਾਰੀ ਰਾਤ ਢਿੱਡ ਤੇ ਪੈ ਕੇ ਚੁੰਘਿਆ ਦੁੱਧ।
ਤੇ ਭੁੱਲ ਗਿਆ ਤੂੰ ਪਿੰਡ ਦੀਆਂ ਗਲੀਆਂ
ਜਿਨ੍ਹਾਂ ਵਿੱਚੋਂ ਤੈਨੂੰ ਮਿੱਟੀ ਨਾਲ ਲਿਬੜੇ ਨੂੰ
ਲਿਆਉਂਦੀ ਸੀ ਚੁੱਕ ਕੇ ਗੋਦੀ
ਤੇ ਅੱਜ ਤੱਕ ਨਿਕਲਿਆ ਨਹੀਂ ਗੰਦ ਮੇਰੇ ਨਹੁੰਆਂ ਵਿੱਚੋਂ
ਤੇਰੇ ਜਵਾਨ ਹੋਣ ਤੱਕ ਦਾ।

o o o

ਪ੍ਰੋ. ਹਜ਼ਾਰਾ ਸਿੰਘ

## ਔਰਤ

ਮੈਂ ਔਰਤ ਹਾਂ ਉਹ ਨਹੀਂ ਜਿਹੜੀ ਕਾਰਨ ਬਣੀ ਬਣਵਾਸ ਦਾ
ਜੱਨਤ 'ਚੋਂ ਆਦਮ ਦੇ ਕੱਢਣ ਤੇ ਧਰਤੀ ਤੇ ਸੁੱਟੇ ਜਾਣ ਦਾ,
ਐਸੇ ਵਿਚਾਰਵਾਨ ਮੈਨੂੰ ਸਮਝਦੇ ਨਹੀਂ ਤੇ ਸ਼ਿਕਾਰ ਹਨ ਅਗਿਆਨ ਦਾ
ਨਾ ਮੈਂ ਹਰ ਬਿਪਤਾ ਦੀ ਜੜ੍ਹ ਹਾਂ ? ਨਾ ਮਰਦ ਦੇ ਡੋਲਣ ਦਾ ਕਾਰਨ
ਐਸੇ ਪਰਚਾਰ ਥੋਥੇ ਤੇ ਐਸੇ ਵਿਚਾਰ ਥੋਦੇ ਹਨ
ਨਾ ਜੱਨਤ ਮੇਰੇ ਕਾਰਨ ਖੁਸਿਆ,
ਨਾ ਮੈਂ ਰਿਸ਼ੀਆਂ ਦੇ ਰਾਹ ਵਿਚ ਰੁਕਾਵਟ ਹਾਂ
ਜਦ ਉਹ ਰੱਬ ਨਾਲ ਜੁੜਨ ਲਈ ਕਰਦੇ ਨੇ
ਘੋਰ ਤਪੱਸਿਆ ਤੇ ਸਾਧਨਾ
ਜੇ ਮਰਦ ਅੱਖਾਂ ਖੋਲ੍ਹ ਕੇ ਦੇਖੇ ਤਾਂ ਮੈਂ ਖੁਦ ਜੱਨਤ ਦਾ ਨਮੂਨਾ ਹਾਂ

ਮੈਂ ਮਰਦ ਦੀ ਮਾਂ ਹਾਂ ਮੇਰੀ ਗੋਦ ਜੱਨਤ ਦਾ ਝੂਲਾ ਹੈ
ਇਹ ਇਕ ਮੁਫ਼ਤ ਤੋਹਫ਼ਾ ਹੈ, ਫੋਕਾ ਲਾਰਾ ਨਹੀਂ ਮੌਤ ਦੇ ਬਾਅਦ ਦਾ
ਜਿੱਥੋਂ ਕੋਈ ਕੱਢਿਆ ਨਹੀਂ ਜਾਂਦਾ, ਭਾਵੇਂ ਬਣ ਜਾਣ ਪੁੱਤ ਕਪੁੱਤ
ਇਸ ਲਈ ਭਗਤੀ ਦੀ ਲੋੜ ਨਹੀਂ
ਬਲਕਿ ਮੈਂ ਤਰਸਦੀ ਹਾਂ ਪੁੱਤਰਾਂ ਲਈ
ਜੇ ਈਸ਼ਵਰ ਪ੍ਰੇਮ ਹੈ ਮੈਂ ਪ੍ਰੇਮ ਦਾ ਸੰਪੂਰਨ ਰੂਪ ਹਾਂ
ਮੇਰੀ ਕੁਰਬਾਨੀ ਮੁੱਲ ਨਹੀਂ ਮੰਗਦੀ, ਨਾ ਮੈਂ ਸੇਵਾ ਕਰਦੀ ਅੱਕਦੀ ਹਾਂ
ਕਿਉਂਕਿ ਮੈਂ ਮਰਦ ਦੀ ਮਾਂ ਹਾਂ,
ਉਸਦੇ ਵਿਚਾਰ ਸ਼ੁੱਧ ਕਰਨ ਵਾਲੀ ਭੈਣ
ਉਸਦਾ ਘਰ ਜੱਨਤ ਬਨਾਉਣ ਵਾਲੀ ਸੁਪਤਨੀ,
ਤੇ ਪਸ਼ੂ ਤੋਂ ਮਨੁੱਖ ਉਸਾਰਨ ਵਾਲੀ ਧੀ

ਨਾ ਮੈਂ ਕੀਨੇ ਦੀ ਪੁਤਲੀ ਹਾਂ, ਨਾ ਈਰਖਾ ਮੇਰੇ ਸੁਭਾਅ 'ਚ ਰਚੀ ਹੈ
ਚੰਚਲਤਾ ਮੇਰਾ ਨਾਮ ਨਹੀਂ,
ਨਾ ਮੈਂ ਹਰ ਯੁੱਧ ਦਾ ਕਾਰਨ ਬਣਦੀ ਆਈ ਹਾਂ
ਇਹ ਵਹਿਮ ਨੇ ਉਨ੍ਹਾਂ ਦੇ ਜਿਨ੍ਹਾਂ ਦੇ ਮਨ ਕਾਲੇ ਤੇ ਸੋਚ ਨੀਵੀਂ ਹੈ
ਕਿਉਂਕਿ ਉਹ ਮੈਨੂੰ ਸਮਝਦੇ ਨੇ
ਦਿਲ ਪਰਚਾਵਨ ਲਈ ਇਕ ਕਠਪੁਤਲੀ
ਮੈਨੂੰ ਅਰਧੰਗਨੀ ਕਹਿ ਨਾ ਟਰਕਾਉ,
ਬਲਕਿ ਸਾਵਾਂ ਜੀਵਨ ਸਾਥੀ ਬਣਾਉ
ਮੈਂ ਦਿਲ ਦੀ ਰਾਣੀ ਨਹੀਂ ਬਣਨਾ ਚਾਹੁੰਦੀ
ਬਲਕਿ ਠੀਕ ਪਰਖ ਮੰਗਦੀ ਹਾਂ
ਮਰਦ ਆਪਣੇ ਆਪ ਨੂੰ ਗਿਰਾਉਂਦਾ ਹੈ
ਜਦੋਂ ਉਹ ਮੇਰੇ ਨਾਲ ਫਰੇਬ ਰਚਦਾ ਹੈ
ਮੈਂ ਤਾਂ ਉਸ ਨੂੰ ਉਚਾ ਚੁੱਕੀਦੀ ਹਾਂ,
ਉਹ ਕਿਉਂ ਮੈਨੂੰ ਗਿਰਾਵਟ ਵਲ ਧੱਕਦਾ ਹੈ।

ਸਦੀਵੀ ਸ਼ਾਂਤੀ ਦਾ ਜਦ ਯੁਗ ਆਵੇਗਾ ਤੇ ਜੀਵਨ ਪਧਰਾ ਚੱਲੇਗਾ
ਨਾ ਧਨ ਪੂਜਿਆ ਜਾਵੇਗਾ ਨਾ ਕਾਮੇ ਭੁੱਖੇ ਨੰਗੇ ਵਿਲਕਣਗੇ
ਜਦ ਕਾਨੂੰਨ ਤੇ ਮਰਯਾਦਾ ਬੇੜੀਆਂ ਬਣਨਾ ਮਨੁੱਖ ਨੂੰ ਜੂੜਨਗੇ
ਜਦ ਸਹਿਯੋਗ ਤੇ ਸਮਾਨਤਾ ਮਨੁੱਖਤਾ ਨੂੰ ਭਾਈਚਾਰੇ 'ਚ ਜੋੜਨਗੇ
ਤਦ ਔਰਤ ਦਾ ਨੂਰ ਪੂਰਨ ਚੰਨ ਦੀਆਂ ਰਿਸ਼ਮਾਂ ਵਾਂਗ ਚਮਕੇਗਾ
ਜੇ ਇੱਕੇ-ਦੁੱਕੇ ਮੌਕੇ ਦਿਖਾ ਸਕਦੇ ਨੇ ਮੇਰੀ ਜੁਆਲਾ-ਸ਼ਕਤੀ ਨੂੰ
ਮੈਂ ਕਿੰਨੀ ਸਹਾਇਕ ਹੋਵਾਂਗੀ ਜਦ ਮਰਦ ਮੈਨੂੰ ਸਾਵਾਂ ਦਰਜਾ ਦੇਵੇਗਾ
ਜੇ ਬੰਦੀ ਰਹਿ ਉਸ ਨੂੰ ਮੈਂ ਉੱਚਾ ਚੁੱਕਿਆ ਹੈ,
ਮੇਰੀ ਸਮਾਨਤਾ ਉਸਨੂੰ ਉੱਤਮ ਬਣਾਏਗੀ। ○○

## ਬੱਚਾ

ਮੈਂ ਬੱਚਾ ਹਾਂ, ਰੰਬਾ ਨਹੀਂ ਜਿਸ ਨੂੰ ਚੰਡਣ ਦੀ ਲੋੜ ਹੈ
ਮੈਂ ਪਿਆਰ ਨਾਲ ਸਿੱਖਦਾ ਹਾਂ ਤੇ ਪੁਚਕਾਰ ਨਾਲ ਸੁਧਰਦਾ ਹਾਂ
ਮੈਂ ਤਰਬੂਜ਼ ਨਹੀਂ ਜਿਹੜਾ ਮਿੱਟੀ ਵਿਚ ਰੁਲ਼ ਵਧਦਾ ਫੁਲਦਾ ਹੈ
ਭਾਵੇਂ ਮਿੱਟੀ ਤੋਂ ਬਣਿਆਂ ਹਾਂ ਪਰ ਨਿਰਾ ਮਿੱਟੀ ਨਹੀਂ ਹਾਂ
ਐ ਪਿਆਰੇ ਮਾਤਾ ਪਿਤਾ, ਐ ਮੇਰੇ ਵਿਦਵਾਨ ਉਸਤਾਦ
ਪੁਰਾਣੇ ਵਿਚਾਰਾਂ ਨੂੰ ਭੁੱਲਣ ਜਾਂ ਸੋਧਣ ਦੀ ਲੋੜ ਹੈ
ਰੰਬਾ ਤੇ ਬੇਜਾਨ ਹੈ, ਅਤੇ ਤਰਬੂਜ਼ ਬੇਦਿਮਾਗ਼ ਹੈ
ਮੈਂ ਅਮਾਨਤ ਹਾਂ ਤੁਹਾਡੇ ਹੱਥਾਂ 'ਚ ਸੁਨਹਿਰੀ ਭਵਿੱਖ ਦੀ।

ਮਾਰ ਤੇ ਦੰਡ ਮੈਨੂੰ ਸਿਖਾਂਦੇ ਨੇ ਮਕਰ ਤੇ ਫ਼ਰੇਬ
ਰੋਲ ਦਿੰਦੇ ਨੇ ਮਿੱਟੀ 'ਚ ਮੇਰੇ ਜਿਹੀ ਅਮੁੱਲੀ ਦੌਲਤ ਨੂੰ
ਮੇਰੇ ਮਾਸੂਮ ਤੇ ਕੋਮਲ ਮਨ 'ਚ ਕੁੱਟ ਕੁੱਟ ਭਰਦੇ ਨੇ ਭੈ
ਕੁਚਲ ਦਿੰਦੇ ਨੇ ਬੇਰਹਿਮੀ ਨਾਲ ਮੇਰੀ ਸੋਚ ਸ਼ਕਤੀ ਨੂੰ
ਜੇ ਸਿਖਿਆ ਦਾ ਭਾਵ ਮੈਨੂੰ ਉੱਚਾ ਤੇ ਸੁੱਚਾ ਬਣਾਉਣਾ ਹੈ
ਕੀ ਤੁਹਾਡੇ ਵਿਚਾਰ ਤੇ ਕੰਮ ਸਹਾਇਕ ਨੇ ਇਸ ਆਦਰਸ਼ ਵਲ
ਤੁਸੀਂ ਦਸਦੇ ਕੁਝ ਹੋ, ਲੁਕ ਲੁਕ ਕਰਦੇ ਉਲਟ ਹੋ
ਆਪਣੀ ਤਰ੍ਹਾਂ ਮੈਨੂੰ ਪਾਖੰਡ ਦੀ ਗਿਰਾਵਟ ਵਿਚ ਧੱਕਦੇ ਹੋ।

ਜੇ ਮੰਨਤਾਂ ਸੁਖ ਤੇ ਤਰਲੇ ਕੱਢ ਮੈਨੂੰ ਪ੍ਰਾਪਤ ਕੀਤਾ ਹੈ
ਆਪਣੇ ਨਾਲ ਧੋਖਾ ਤੇ ਮੇਰੇ ਨਾਲ ਧੱਕਾ ਕੀਤਾ ਹੈ
ਨਾ ਮੈਂ ਰੱਬੀ ਦਾਤ ਹਾਂ ਨਾ ਤਕਦੀਰ ਦੀ ਅਮਿੱਟ ਰੇਖਾ
ਨਾ ਮੈਂ ਕਰਮਾਂ ਦਾ ਫਲ ਹਾਂ, ਨਾ ਪਾਪਾਂ ਦੀ ਸਜ਼ਾ
ਮੈਂ ਉਹ ਕੁਝ ਹਾਂ ਜੋ ਤੁਸੀਂ ਮੈਨੂੰ ਬਣਾਇਆ ਹੈ
ਮੈਂ ਤਾਂ ਉਹ ਕਰਦਾ ਹਾਂ ਜੋ ਤੁਸੀਂ ਮੈਨੂੰ ਸਿਖਾਇਆ ਹੈ
ਜੇ ਚੰਗਾ ਹਾਂ ਸਮਾਜ ਦੀ ਅਛਾਈ ਦੀ ਝਲਕ ਹਾਂ
ਜੇ ਮੰਦਾ ਹਾਂ ਗਿਰਾਵਟ ਦਾ ਗੜ੍ਹਾ ਤੁਸੀਂ ਵਿਖਾਇਆ ਹੈ। ○○

[ਲੁਧਿਆਣਾ, ਪੰਜਾਬ]

# ਹੋਰ ਤਾਂ ਠੀਕ ਐ

—ਹਰਜੀਤ ਫੈਂਪਰੀਆ

ਪੁੱਤ ਜਿਉਂਦਿਆ:

ਤੇਰੀ ਚਿੱਠੀ ਤਾਂ ਮਿਲ ਗਈ ਸੀ — ਪਰ ਮੈਥੋਂ ਲਿਖਾਉਣ 'ਚ ਢਿਲ ਹੋ ਗਈ। ਹੁਣ ਬਹੁਤਾ ਤੁਰ ਫਿਰ ਨੀ ਹੁੰਦਾ —— ਲੱਤਾਂ ਦੁਖਦੀਆਂ —— ਦੀਹਦਾ ਵੀ ਘੱਟ ਐ —— ਉੱਲਾਂ ਵੀ ਵਜਦੀਆਂ — ਸੋਟੀ ਦੇ ਆਸਰੇ ਤੁਰਦੀ ਆਂ —

ਪਰਸੋਂ 'ਜਿੱਤੇ' ਦੀ ਮਕਾਣ ਗਈ ਸੀ — ਬਚਾਰਾ ਅਨ੍ਹੇਰੀ ਰਾਤੇ ਸਰਦਾਰਾਂ ਦੀ ਕਣਕ ਵੱਢਣ ਵਾਲੀ ਮਸ਼ੀਨ 'ਚ ਪੀਹਿਆ ਗਿਆ — ਪਿਛੇ ਤਕੜੀ ਕਬੀਲਦਾਰੀ ਛੱਡ ਗਿਆ — ਪਰ ਸਰਦਾਰਾਂ ਨੂੰ ਕੀ; ਚਾਰ ਛਿੱਲੜ ਦੇ ਕੇ ਪਰ੍ਹਾਂ ਕਰਨ ਗੇ — ਅੱਵਲ ਤਾਂ ਉਹਨਾਂ ਦੇ ਆਪਣੇ ਈ ਸੌ ਵਕੀਲ ਨੇ — ਬਿਪਤਾ ਤਾਂ ਗੀਗੋ ਨੂੰ ਪਈ। ਪਹਾੜ ਤਾਂ ਉਹਦੇ 'ਤੇ ਟੁੱਟਿਆ — ਕੀ ਕਰੂ? ਕਿੱਧਰ ਨੂੰ ਜਾਊ? ਵਿਚਾਰੀ ਗਊ, ਸਾਰੀ ਉਮਰ ਜਣਦਿਆਂ ਨੂੰ ਰੋਊ।

ਜਾਨੂ ਸਾਰਾ ਦਿਨ ਕਿਕਰਾਂ ਦੇ ਮੁੱਢ ਪੁੱਟਦੈ — ਆਉ ਪੀਏ ਘਰ ਔਂਦੈ — ਆਕੇ ਮਸਾਂ ਜਿਤਾਰੈ — ਰੁੱਖ ਪੁੱਟ ਕੇ, ਛਾਂਗ ਪਾੜ ਕੇ, ਮੱਛੇ ਪਾ ਕੇ ਡੱਕਰੇ ਕਰਦੈ — ਤੇ ਕਹਿੰਦੈ, ਇਹ ਹਲਾਂ ਦੇ ਮੁੰਨੇ, ਇਹ ਗੱਡਿਆਂ ਦੀਆਂ ਫੱਟੀਆਂ ਦੀ ਪੱਕੀ ਲੱਕੜ — ਇਹ ਕੜੀਆਂ ਬਾਲੇ — ਤੇ ਔਹ ਵਛਾਂਗ ਦਾ ਢੇਰ —.... ਦਾਰੀਆਂ ਨੂੰ ਫੂਕਣ ਲਈ —'

ਤਾਰੂ ਤੜਕੇ ਈ ਪਤਾਲ ਪੁੱਟਣ ਚਲਿਆ ਜਾਂਦਾ — ਗੱਲ ਕਰਦਾ ਸੀ — ਠੇਕੇਦਾਰ ਦਾ ਮੁਣਸ਼ੀ ਉਂਞ ਤਾਂ ਰੋਜ਼ ਮੰਦਰ ਜਾਂਦੈ — ਮਿੱਟੀ ਦੀ ਗਿਣਤੀ ਮਿਣਤੀ ਕਰਦਿਆਂ ਵਿਚੇ ਈ ਘਾਲਾ ਮਾਲਾ ਕਰ ਜਾਂਦੈ — ਪਤਾ ਨੀ ਉਥੇ ਰੱਬ ਤੋਂ ਪੁੱਛ ਕੇ ਔਂਦੈ — ਉਹ ਕੀ ਵੀ ..... ਵੋਟਈ ਭੋਲਦੀ ਪਊ' —

ਸ਼ੇਰੂ ਹੱਲ ਵਾਹੁੰਦਾ ਮਸਾਂ ਉਹਦਾ ਹੱਥ ਹੱਥੀ ਤਾਂਈ ਉਪੜਦੈ — ਕੀ ਕਰੇ ਮਾਂ-ਮਰੋੜ! ਜੰਮਦੇ ਨੂੰ ਈ ਮੁਹਿੰਮਾ — ਦੇਬੋ ਦੇ ਹੱਥ ਅੱਡ ਪੀਲੇ ਕਰਨ ਆਲੇ ਨੇ — ਉਤੋਂ ਪਿੰਡ ਦਾ ਗੇੜ ਵਿਗੜਦਾ ਜਾਂਦੈ — ਸੰਗ ਸ਼ਰਮ ਤੇ ਜਾਂਣੂ ਹੁਣ ਕਿਥੇ। ਭਰੱਪਾ ਤਾਂ ਸੁੱਕਦਾ ਜਾਂਦੈ — ਪੁਲਸ ਆਥਣ ਉਗਣ ਵਿਹੜੇ ਗੇੜਾ ਮਾਰਦੀ ਐ — ਪਿੰਡ ਦੇ ਮਰ੍ਹੈਸੀ ਦੀ ਉਨ੍ਹਾਂ ਨਾਲ ਈ ਤੋਰੀ-ਫੁਲਕਾ ਔਂਦੈ ਐ — ਵਾੜ ਖੇਤਾਂ ਨੂੰ ਖਾਂਦੀ ਸੁਣੀਂਦੀ ਦਿਸਦੀ ਐ — ਪਰਤੱਖ ਨੂੰ ਪ੍ਰਮਾਣ ਕੀ!!! ਸਾਡੀ ਤਾਂ ਗਈ ਉਮਰ ਵੀ ਲੰਘ ਗਈ — ਪਤਾ ਨੀ ਲੋਗਾਂ ਚੋਂ ਸੁਆਰਥ ਤੇ ਰੋਗ ਕਦੋਂ ਨਿਕਲਣਗੇ?

ਟੈਹਲਾ ਅਜੇ ਵੀ ਮੁਖਬਰੀ ਕਰਨੋਂ ਨਹੀਂ ਟਲਦਾ — ਮੱਸਿਆ ਆਲੇ ਦਿਨ ਜੁਆਲੇ ਦੇ ਪੁੱਤ ਸਿਰ ਚਾਰ ਘੜੇ ਪੁਆ ਦਿੱਤੇ — ਤੇ ਰਤਨੇ ਦੇ ਸਿਰ ਅੱਧਾ ਕਿੱਲੋ ਫੀਮ — ਢੂੰਟ ਪੀਂਦਾ ਸੜਕਾਂ ਪਾਸਿਉਂ ਆਂਦੈ — ਅੰਗ੍ਰੇਜ਼ਾਂ ਵੇਲੇ ਵੀ ਇਸ ਨਿਪੁੱਤੇ ਦਾ ਇਹੋ ਚੱਜ ਸੀ — ਹੈਂਸਿਆਰਾ ਹੁਣ .... ਕਾਂਲੀਆਂ ਦਾ ਤੋਲਣਾ ਚੁੱਕੀ ਫਿਰਦੈ —

ਪਿਛਲੇ ਔਤਵਾਰ ਨੂੰ ਇਕ ਵਜ਼ੀਰ ਸਕੂਲੇ ਆਇਆ — ਜੁਆਕਾਂ ਨੂੰ ਮਾਸਟਰਾਂ ਕਿਹਾ, ਸਾਰੇ ਜਣੇ ਨਹੁੰ ਲੁਹਾ ਕੇ, ਕੇਸ ਵਾਹ ਕੇ ਤੇ ਨਵੇਂ ਝੱਗੇ ਪਾ ਕੇ ਆਇਓ' — ਪਿੰਡ ਦੀਆਂ ਵੀਹੀਆਂ ਸੁੰਭਰੀਆਂ ਗਈਆਂ — ਰੂੜੀਆਂ ਤੇ ਮਿੱਟੀ ਪਾਈ ਗਈ — ਤੇ ਪਾਥੀਆਂ ਲਕੋਈਆਂ ਗਈਆਂ — ਵਜ਼ੀਰ ਨੂੰ ਦੱਸਿਆ ਗਿਆ ਕਿ ਹੁਣ ਪਿੰਡ ਪਾਥੀਆਂ ਨਹੀਂ ਪੱਥਦਾ — ਸਰਪੰਚ ਖੱਦਰ ਦੇ ਕੁੜਤਿਆਂ ਨੂੰ ਤੇ ਪੁੱਟਦੇਂ ਸੁੱਥੂਆਂ ਨੂੰ ਨੀਲਵਣੀ ਲੁਆ ਕੇ ਤੇ ਪੋਚਵੀਆਂ ਪੱਗਾਂ ਬੰਨ੍ਹ ਕੇ ਵਜ਼ੀਰ ਨਾਲ ਹੱਥ ਮਲਾਉਣ ਗਏ — ਉਹਦੇ ਐਨੇ ਨੋਟਾਂ ਦੇ ਹਾਰ ਪਾਏ ਕਿ ਨੋਟਾਂ ਨਾਲ ਉਹਦੀ ਦਾੜ੍ਹੀ ਵੀ ਲੁਕ ਗਈ — ਜਾਂਦਾ ਹੋਇਆ ਹੁਕਮ ਲਾ ਗਿਆ ਕਿ ਪਿੰਡ 'ਚ ਪਾਣੀ ਦੀਆਂ ਟੂਟੀਆਂ ਲੱਗ ਜਾਣ।

ਜ਼ੈਲਦਾਰਾਂ ਦੇ ਘਰ ਹੁਣ ਢੋਰ ਤੜਕੇ ਲਗਦੈ ਐ — ਤੇ ਪੁਰਾਣਾ ਪੀਂਦਾ ਢੋਰ ਚਾਲੂ ਐ — ਕੱਲ੍ਹ ਈਸਰ ਨੂੰ ਸਫ਼ੈਦਪੋਸ਼ਾਂ ਦਾ ਪੋਤਾ ਬੁੜਕ ਬੁੜਕ ਪਏ ਆਖੇ, ਤੁਸੀਂ ਪਚੈਤ 'ਚ ਮੰਜੇ 'ਤੇ ਸਾਡੇ ਬਰਾਬਰ ਬਹਿੰਦੇ ਓ !!

ਸਮਝ ਨੀ ਔਂਦੀ ਦਿਨੇ ਰਾਤੀਂ ਟੁੱਟ ਟੁੱਟ ਮਰਦੇ ਆਂ — ਲੂਣ ਤੇਲ ਈ ਨੀ ਪੱਟੀ ਬੱਝਣ ਦਿੰਦਾ — ਹੱਟੀ ਦਾ ਉਧਾਰ ਦਿਨੋਂ ਦਿਨ ਵਧ ਗਿਐ — ਉਤੋਂ ਸਰਦਾਰ ਕਹਿ ਦਿੰਦੇ ਐ ਕਿ ਤੁਸੀਂ ਦਿਹਾੜੀ ਬਹੁਤੀ ਮੰਗਦੇ ਓ — ਨਾਲ ਸਾਗ-ਸੱਤੂ ਵਾਧੂ ਦਾ ਤੋੜ ਲਿਔਂਦੇ ਓ —

ਜਿਉਣ ਜੋਗਿਆ — ਹੋਰ ਤਾਂ ਠੀਕ ਐ — ਪਰ ਹੱਥ ਬਹੁਤ ਈ ਤੰਗ ਐ — ਚਾਰ ਛਿੱਲੜ ਛੇਤੀ ਭੇਜ — ਬੱਚੜਿਆਂ ਦੇ ਸਿਰ ਪਲੋਸੀਂ ——

— ਤੇਰੀ ਮਾਂ 'ਧਰਤੀ'

Autoplan

Authorised agent

# KINGSGATE INSURANCE AGENCIES



*RIASAT ALI KHAN (President)*



**FAZAL KHAN (Manager)**



**SARAJ KHAN (V. President)**

ਹਰ ਕਿਸਮ ਦਾ ਇੰਸ਼ੋਰੈਂਸ ਕਰਾਉਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ। ਅਤੇ ਸਾਡੀਆਂ ਸ਼ਾਨਦਾਰ ਸੇਵਾਵਾਂ ਦਾ ਲਾਭ ਉਠਾਓ।

– LOTS OF FREE PARKING.

* Auto Insurance and License
* Fire, Theft & Liability
* Life, accident & sickness
* Annuities and pension plans
* Registered retirement savings plan

104 KINGSGATE MALL
370 EAST BROADWAY VANCOUVER, B.C. V5T 4G5

**Bus. Tel. 872-7827 or 874-2125**

---

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

**ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ**

**ਮਿਸਿਜ਼ ਮੁਡੇਲਾ 251-3697**

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

---

**YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!**

# HARPAL TOOR

Res. 524-9848
Off. 324-3888



ਹਰ ਤਰਾਂ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

REALTOR

T. J. LOVEROCK REALTY
5316 Victoria Dr., Van. B.C.

# ਪੁੰਨ

ਮੂਲ ਲੇਖਕ : ਅਹਿਮਦ ਨਦੀਮ ਕਾਸਮੀ
ਅਨੁਵਾਦ : ਰਘੁਬੀਰ ਢੰਡ

ਮਸੀਤ ਵਿਚ ਇੱਧਰ ਸਵੇਰ ਦੀ ਨਮਾਜ਼ ਖਤਮ ਹੋਈ ਉਧਰ ਨਗਾਰਾ ਵੱਜਣ ਲੱਗ ਪਿਆ। ਅਜ਼ਾਨ ਸੁਣ ਜਿਹੜੇ ਲੋਕ ਬਿਸਤਰਿਆਂ ਵਿਚ ਹਿੱਲਣ ਜੁੱਲਣ ਲੱਗੇ ਸਨ, ਨਗਾਰਾ ਸੁਣਦਿਆਂ ਹੀ ਤੜਫਕੇ ਉਠੇ ਤੇ ਗਲੀਆਂ ਵਿਚ ਨੱਠ ਗਏ।

— ਹੇ ਅੱਲਾ ਸੁੱਖ ਹੋਵੇ। ਆਖਦਿਆਂ ਔਰਤਾਂ ਨੇ ਮੰਜੀਆਂ ਤੋਂ ਪੈਰ ਲਮਕਾ ਲਏ।

ਨਗਾਰਾ ਲਗਾਤਾਰ ਵੱਜ ਰਿਹਾ ਸੀ ਤੇ ਫ਼ਿਜ਼ਾ ਇੰਝ ਗੂੰਜ ਰਹੀ ਸੀ ਜਿਵੇਂ ਨਗਾਰੇ ਦੀ ਥਾਂ ਫ਼ਿਜ਼ਾ ਆਪ ਵੱਜ ਰਹੀ ਹੋਵੇ। ਇਕ ਲਗਾਤਾਰ 'ਧੁਮ ਧੁਮ ਧੁਮ' ਦੀ ਅਵਾਜ਼ ਪਿੰਡ ਨੂੰ ਚੌਹਾਂ ਪਾਸਿਉਂ ਘੇਰਾ ਘੱਤਣ ਲਈ ਸਵੇਰ ਦੀ ਲੋਅ ਨਾਲ ਪੈਰ ਮਿਲਾ ਅਗਾਂਹ ਵਧੀ ਆ ਰਹੀ ਸੀ।

— ਹਾਏ ਕੀਹਦਾ ਘਰ ਉੱਜੜ ਗਿਆ ਅੰਮ੍ਰਿਤ ਵੇਲੇ? ਔਰਤਾਂ ਨੇ ਗਲੀਆਂ 'ਚ ਆ ਪੁੱਛਿਆ। ਪਤਾ ਲੱਗਿਆ ਫੁੱਗਾ ਝਿਊਰ ਖੂਹ 'ਚ ਡਿੱਗ ਪਿਆ ਹੈ। ਮਾਂ ਪੁੱਤ ਦੋਵੇਂ ਪਾਣੀ ਖਿੱਚ ਰਹੇ ਸਨ ਕਿ ਭਰਿਆ ਹੋਇਆ ਬੋਕਾ ਹੱਥੋਂ ਛੁੱਟ ਗਿਆ। ਉਹਨਾਂ ਦੁਆਲੇ ਢੇਰ ਸਾਰੀ ਖਿੰਡੀ ਪਈ ਲੱਜ ਧੜੱਮ ਬੋਕਾ ਡਿੱਗਣ ਨਾਲ ਇਕ ਦਮ ਖਿੱਚੀ ਗਈ ਤੇ ਫੁੱਗੇ ਦੀ ਇਕ ਲੱਤ ਲੱਜ ਵਿਚ ਅੜਕੀ ਉਲਝੀ ਕਿ ਉਹ ਆਪਣੀ ਮਾਂ ਦੀਆਂ ਅੱਖਾਂ ਸਾਂਹਵੇਂ ਧੜੱਮ ਖੂਹ ਵਿਚ ਡਿੱਗ ਪਿਆ। ਉਹਨੂੰ ਚੀਕ ਮਾਰਨ ਦਾ ਵੀ ਸਮਾਂ ਨਾ ਮਿਲਿਆ।

— ਹਾਇ ਵਿਚਾਰੀ ਕਰਮਾਂ ਮਾਰੀ ਕਰਮਾਂ ਟੁੱਟ ਗਈ। ਔਰਤਾਂ ਨੇ ਉੱਚੀ ਉੱਚੀ ਆਹਾਂ ਭਰੀਆਂ ਤੇ ਕੋਠਿਆਂ ਤੇ ਚੜ੍ਹ ਗਈਆਂ। ਆਦਮੀ ਖੂਹ ਵੱਲ ਨੱਸ ਗਏ। ਨਗਾਰਾ ਰੁਕ ਗਿਆ। ਸਵੇਰ ਦਾ ਸਾਂਵਲਾ ਚਿਹਰਾ ਪੀਲਾ ਪੈਣ ਲੱਗਿਆ।

ਕਰਮਾਂ ਦਾ ਪਤੀ ਹਰ ਸਵੇਰ ਪਿੰਡ ਦੇ ਪਿਛਲੇ ਪਾਸੇ ਮੀਲਾਂ ਲੰਮੀ ਫਲਵਾੜ ਵੱਲ ਨਿਕਲ ਜਾਂਦਾ ਤੇ ਦੁਪਹਿਰ ਤੀਕ ਝਾੜੀਆਂ ਪੁੱਟਦਾ ਰਹਿੰਦਾ। ਇਹ ਸਰਕਾਰੀ ਰੱਖ ਸੀ ਜਿਥੇ ਕੁਹਾੜੀ ਲੈ ਜਾਣ ਦੀ ਮਨਾਹੀ ਸੀ। ਦੁਪਹਿਰੇ ਜਦੋਂ ਪਰਤਦਾ ਤਾਂ ਉਹਦੇ ਸਿਰ ਉਤੇ ਝਾੜੀਆਂ ਦਾ ਏਡਾ ਖਿਲਾਰ ਹੁੰਦਾ ਕਿ ਜਾਪਦਾ ਜਿਵੇਂ ਕੋਈ ਸੰਘਣਾ ਦਰੱਖਤ ਤੁਰਿਆ ਆ ਰਿਹਾ ਹੋਵੇ।

ਕਰਮਾਂ ਇਹਨਾਂ ਝਾੜੀਆਂ ਨਾਲ ਤੰਦੂਰ ਤਪਾਉਂਦੀ ਤੇ ਸਾਰੇ ਮਹੱਲੇ ਦੀਆਂ ਰੋਟੀਆਂ ਪਕਾਉਂਦੀ। ਭੱਠੀ ਤਪਾ ਬੱਚਿਆਂ ਦੀਆਂ ਪੋਟਲੀਆਂ ਵਿਚ ਬੰਨ੍ਹੇ ਮੱਕੀ ਤੇ ਛੋਲਿਆਂ ਦੇ ਦਾਣੇ ਭੁੰਨਦੀ। ਆਟੇ ਤੇ ਦਾਣਿਆਂ ਚੋਂ ਥੋੜ੍ਹੀ ਚੂੰਗ ਵੱਢਦੀ, ਤੇ ਇੰਝ ਤੀਵੀਂ ਆਦਮੀ ਤੇ ਬੱਚੇ ਦਾ ਗੁਜ਼ਾਰਾ ਤੁਰਦਾ।

ਪਤੀ ਦੇ ਪਰਤਣ ਅਤੇ ਤੰਦੂਰ ਠੰਢਾ ਕਰਨ ਪਿੱਛੋਂ ਦੋਵੇਂ ਤੀਵੀਂ ਮਾਲਕ ਦੇ ਖੋਤਿਆਂ 'ਤੇ ਖਾਂਦੇ ਪੀਂਦੇ ਘਰਾਂ ਦੇ ਘੜੇ ਲੱਦ ਖੂਹ 'ਤੇ ਪਾਣੀ ਭਰਦੇ। ਖੂਹ ਦੀ ਮੌਣ 'ਤੇ ਚੌਹੀਂ ਪਾਸੀਂ ਰੱਖੇ ਤੂਤ ਤੇ ਟਾਹਲੀ ਦੇ ਖੁੰਢਾਂ ਉਤੇ ਪਏ ਲੱਜਾਂ ਦੇ ਲੰਮੇ-ਤੇ ਡੂੰਘੇ ਡੂੰਘੇ ਨਿਸ਼ਾਨਾਂ ਵਿਚ ਸਭ ਤੋਂ ਡੂੰਘਾ ਨਿਸ਼ਾਨ ਉਨ੍ਹਾਂ ਦੇ ਬੋਕੇ ਦੀ ਲੱਜ ਦਾ ਹੀ ਸੀ। ਪਿੰਡ ਵਿਚ ਸਭ ਤੋਂ ਵੱਧ ਪਾਣੀ ਉਹੀ ਭਰਦੇ ਸਨ। ਹਰ ਫੇਰੇ ਛੇ ਘੜੇ ਖੋਤੇ ਚੁੱਕਦੇ, ਦੋ ਕਰਮਾਂ ਦੇ ਸਿਰ ਤੇ ਹੁੰਦੇ ਤੇ ਇਕ ਉਹਦਾ ਸਾਈਆਂ ਵੀ ਸਿਰ ਜਾਂ ਮੋਢੇ ਤੇ ਰੱਖ ਲੈਂਦਾ। ਹਰ ਰੋਜ਼ ਦੇ ਫੇਰਿਆਂ ਵਿਚ ਅਠ੍ਹਾਰਾਂ ਘੜੇ ਭਰ ਉਹ ਮਹੀਨੇ ਵਿਚ ਅਠ੍ਹਾਰਾਂ ਦੂਣੀ ਛੱਤੀ ਆਨੇ ਕਮਾ ਲੈਂਦੇ। ਸ਼ਾਇਦ ਇਸੇ ਲਈ ਉਹਨਾਂ ਨੂੰ ਆਪਣੇ ਪੁੱਤ ਨੂੰ ਪੜ੍ਹਾਉਣ ਦਾ ਸ਼ੌਕ ਜੁੜਿਆ।

ਉਹ ਕਹਿੰਦੇ ਸਨ ਅਸੀਂ ਬਾਬਰ ਦੇ ਜ਼ਮਾਨੇ ਤੋਂ ਪਾਣੀ ਭਰਦੇ ਆ ਰਹੇ ਹਾਂ ਤੇ ਹੁਣ ਥੱਕ ਗਏ ਹਾਂ। ਹੁਣ ਸਾਡਾ ਫੁੱਗਾ ਮਾਸਟਰ ਬਣੇਗਾ ਤੇ ਅਗਲੀ ਨਸਲ ਤੀਕ ਅਸੀਂ ਇਸ ਕਾਬਲ ਹੋ ਜਾਵਾਂਗੇ ਕਿ ਦੂਜੇ ਲੋਕ ਸਾਡਾ ਪਾਣੀ ਭਰਨ। ਫੁੱਗਾ ਹੁਣ ਛੇਵੀਂ ਵਿਚ ਹੋ ਗਿਆ ਸੀ। ਪਹਾੜਿਆਂ ਦਾ ਹਿਸਾਬ ਜੋੜ ਲੈਂਦਾ ਸੀ। ਹਰ ਰਾਤ ਸੌਣ ਤੋਂ ਪਹਿਲਾਂ ਮਾਂ ਬਾਪ ਨੂੰ ਕਿਤਾਬਾਂ ਵਿਚ ਲਿਖੀਆਂ ਗੱਲਾਂ ਸੁਣਾਉਂਦਾ ਤੇ ਉਹ ਨਾ ਸਮਝਦਿਆਂ ਵੀ ਇਹ ਸੋਚ ਖੁਸ਼ ਹੁੰਦੇ ਰਹਿੰਦੇ ਕਿ ਉਹਨਾਂ ਦਾ ਪੁੱਤਰ ਇਹ ਗੱਲਾਂ ਸਮਝਦਾ ਹੈ।

ਫਿਰ ਇਕ ਦਿਨ ਜਦੋਂ ਕਰਮਾਂ ਦਾ ਪਤੀ ਸਰਕਾਰੀ ਰੱਖ ਵਿਚ ਕਿੱਕਰ ਤੇ ਚੜ੍ਹ ਇਕ ਝਾੜੀ ਨੂੰ ਝਟਕੇ ਦੇ ਦੇ ਪੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਅਚਾਨਕ ਉਹਦੇ ਅਨੁਮਾਨ ਤੋਂ ਪਹਿਲਾਂ ਹੀ ਝਾੜੀ ਪੁੱਟੀ ਗਈ। ਝਾੜੀ ਦੇ ਨਾਲ ਉਹਦੇ ਪੈਰ ਵੀ ਪੁੱਟੇ ਗਏ ਤੇ ਉਹ ਇਕ ਚਟਾਨ ਤੇ ਇੰਝ ਡਿੱਗਿਆ ਕਿ ਆਲੇ ਦੁਆਲੇ ਉਹਦੇ ਖੂਨ ਦਾ ਛਿੜਕਾ ਹੋ ਗਿਆ।

ਵਿਧਵਾ ਹੋਕੇ ਵੀ ਕਰਮਾਂ ਨੇ ਭੁੰਗੇ ਨੂੰ ਸਕੂਲੋਂ ਨਾ ਹਟਾਇਆ। ਤੰਦੂਰ ਨੂੰ ਉਹਨੇ ਹਮੇਸ਼ਾਂ ਲਈ ਠੰਢਿਆਂ ਕਰ ਦਿੱਤਾ। ਭੱਠੀ ਲਈ ਉਹ ਆਪ ਹੀ ਕਿਸਾਨਾਂ ਦੇ ਘਰੀਂ ਜਾ ਖੁਰਲੀਆਂ ਚੋਂ ਬਚੇ-ਖੁਚੇ ਟਾਂਡੇ ਡੱਕਰੇ ਲੈ ਆਉਂਦੀ। ਫਿਰ ਮਾਂ-ਪੁੱਤ ਖੂਹ ਤੇ ਜਾ ਖਾਂਦੇ ਪੀਂਦੇ ਤੇ ਘਰਾਂ ਦਾ ਪਾਣੀ ਭਰਦੇ। ਭੀੜ ਤੋਂ ਬਚਣ ਲਈ ਉਹ ਮੂੰਹ-ਹਨੇਰੇ ਹੀ ਪਾਣੀ ਭਰਨ ਲੱਗ ਪੈਂਦੇ ਤੇ ਸੂਰਜ ਨਿਕਲਣ ਤੀਕ ਆਪਣਾ ਕੰਮ ਨਿਬੇੜ ਲੈਂਦੇ। ਫਿਰ ਭੁੰਗਾ ਸਕੂਲ ਚਲਿਆ ਜਾਂਦਾ ਤੇ ਮਾਂ ਬਾਲਣ ਸਮੇਟਣ ਤੁਰ ਜਾਂਦੀ।

ਹਾਲੀਂ ਕਰਮਾਂ ਦੇ ਪਤੀ ਦੀ ਮੌਤ ਨੂੰ ਤਿੰਨ ਮਹੀਨੇ ਵੀ ਨਹੀਂ ਸਨ ਹੋਏ, ਤੇ ਹਾਲੀ ਉਹ ਆਪਣੇ ਪੁੱਤਰ ਨੂੰ ਬੋਕਾ ਸੁੱਟਣ ਤੇ ਖਿੱਚਣ ਵੇਲੇ ਲੱਜ ਦੀ ਲਪੇਟ ਤੋਂ ਪਾਸੇ ਹੋ ਖਲੋਣ ਦਾ ਢੰਗ ਵੀ ਨਹੀਂ ਸੀ ਸਿਖਾ ਸਕੀ ਕਿ ਭੁੰਗੇ ਨੂੰ ਬਿਜਲੀ ਵਾਂਗ ਨਸਦੀ ਲੱਜ ਨੇ ਆਪਣੀ ਲਪੇਟ ਵਿਚ ਲੈ ਖੂਹ ਦੀ ਸ਼ਾਹਮਣੀ ਮੌਣ ਨਾਲ ਪਟਕਾ ਮਾਰਿਆ। ਕਰਮਾਂ ਬੇਹੋਸ਼ ਹੋ ਕੇ ਡਿੱਗ ਪਈ ਤੇ ਉਹ ਆਪਣੇ ਪੁੱਤਰ ਨੂੰ ਧੜੰਮ ਦੇ ਕੇ ਡਿਗਦਿਆਂ ਵੀ ਨਾ ਸੁਣ ਸਕੀ। ਦੋ ਹੋਰ ਝਿਊਰ ਵੀ ਉਸੇ ਪਾਣੀ ਭਰ ਰਹੇ ਸਨ। ਉਹਨਾਂ ਚੋਂ ਇਕ ਕਰਮਾਂ ਦੇ ਕੋਲ ਹੀ ਬਹਿ ਗਿਆ ਮਤੇ ਹੋਸ਼ ਆਕੇ ਖੂਹ 'ਚ ਹੀ ਨਾ ਡਿੱਗ ਮਰੇ। ਦੂਜਾ ਪਿੰਡ ਵੱਲ ਨੱਸਿਆ ਤੇ ਜਾ ਗਲੀ ਗਲੀ ਇਸ ਦੁਰਘਟਨਾ ਬਾਰੇ ਹੋਕਾ ਦਿੱਤਾ। ਫਿਰ ਉਹਨੇ ਮਸੀਤ ਵਿਚ ਆ ਨਗਾਰਾ ਕੁੱਟਿਆ ਤੇ ਉਸੇ ਹੀ ਦੇਹਲੀ ਤੇ ਬੈਠ ਪਾਗਲਾਂ ਵਾਂਗ ਕੂਕਣ ਲੱਗ ਪਿਆ।

ਖੂਹ ਪਹਾੜੀ ਤੇ ਵੱਸੇ ਪਿੰਡ ਦੇ ਪੈਰਾਂ ਵਿਚ ਸੀ। ਲੋਕ ਜਦੋਂ ਖੂਹ ਵੱਲ ਵਧੇ ਤਾਂ ਜਿਵੇਂ ਉਹਨਾਂ ਨੂੰ ਰਾਹਾਂ ਭੁੱਲ ਗਈਆਂ। ਉਹ ਵਾਹੋਦਾਹ ਖੇਤਾਂ ਵਿਚੋਂ ਦੀ ਗੋਡੇ ਗੋਡੇ ਫਸਲਾਂ ਮਿਧਦੇ, ਵੱਟਾਂ ਟੱਪਦੇ, ਖੂਹ ਵੱਲ ਨੱਸ ਉਠੇ, ਪਿੰਡ ਦੀਆਂ ਤੀਵੀਆਂ ਕੋਠਿਆਂ ਦੇ ਬਨੇਰਿਆਂ ਤੇ ਬੈਠੀਆਂ, ਖੂਹ ਵੱਲੋਂ ਵੇਖਿਆਂ ਕਾਲੀਆਂ ਕਾਲੀਆਂ ਗੰਢੜੀਆਂ ਦੀਆਂ ਕਤਾਰਾਂ ਜਾਪਦੀਆਂ ਸਨ। ਬੱਚੇ ਵੀ ਗਲੀਆਂ ਵਿਚੋਂ ਦੀ ਭੱਜੇ ਆ ਰਹੇ ਸਨ। ਸਾਰਾ ਪਿੰਡ ਹੀ ਖੂਹ ਵੱਲ ਉਲਰ ਪਿਆ ਸੀ।

ਖੂਹ ਤੇ ਸਭ ਤੋਂ ਪਹਿਲਾਂ ਝਿਊਰ, ਘੁਮਿਆਰ, ਮੋਚੀ, ਮਜ਼ਬੀ, ਨਾਈ ਤੇ ਧੋਬੀ ਪੁੱਜੇ। ਉਸ ਸਮੇਂ ਇਕ ਝਿਊਰ ਭੁੰਗੇ ਦੀ ਮਾਂ ਕੋਲ ਬੈਠਾ ਲੋਕਾਂ ਵੱਲ ਇੰਜ ਤੱਕ ਰਿਹਾ ਸੀ ਜਿਵੇਂ ਉਹਦੀਆਂ ਅੱਖਾਂ ਪਥਰਾ ਗਈਆਂ ਹੋਣ।

—— ਭੁੰਗੇ, ਉਏ ਭੁੰਗੇ। ਇੱਕਠਿਆਂ ਬਹੁਤ ਸਾਰੇ ਲੋਕਾਂ ਨੇ ਖੂਹ ਦੀ ਮੌਣ ਤੇ ਝੁੱਕ, ਪੁਕਾਰਿਆ। ਉਹਨਾਂ ਦੀ ਆਵਾਜ਼ ਡੂੰਘੇ ਖੂਹ ਦੀ ਗੋਲਾਈ ਵਿਚ ਚੱਕਰ ਖਾਂਦੀ ਜਿਵੇਂ ਹੇਠਾਂ ਗਈ ਸੀ ਉਂਞ ਹੀ ਇਕ ਗੂੰਜ ਬਣ ਉਪਰ ਪਰਤ ਆਈ। ਦੂਰ ਤਹਿ ਵਿਚ ਅਲਮੀਨੀਅਮ ਦੀ ਥਾਲੀ ਵਾਂਗ ਚਮਕਦਾ ਪਾਣੀ ਉਂਞ ਦਾ ਉਂਞ ਹੀ ਅਹਿਲ ਖਲੋਤਾ ਰਿਹਾ।

ਰੱਸੇ ਦੇ ਇਕ ਸਿਰੇ ਨਾਲ ਗਜ਼ ਭਰ ਮਜ਼ਬੂਤ ਲਕੜੀ ਬੰਨ੍ਹ ਦਿੱਤੀ ਗਈ ਤੇ ਉਸ ਉਤੇ ਇਕ ਨੌਜਵਾਨ ਗੋਤਾਖੋਰ, ਰੱਸਾ ਹੱਥਾਂ 'ਚ ਫੜ ਪੈਰ ਲਮਕਾ ਬਹਿ ਗਿਆ। ਤਿੰਨ ਆਦਮੀਆਂ ਨੇ ਰੱਸਾ ਘੁੱਟ ਕੇ ਫੜ ਲਿਆ। ਗੋਤਾਖੋਰ ਨੇ ਰੱਬ ਦਾ ਨਾਂ ਲੈਕੇ ਇਕ ਵਾਰ ਖੂਹ 'ਚ ਤੱਕਿਆ। ਫਿਰ ਉਹਨੂੰ ਹੌਲੀ ਹੌਲੀ ਹੇਠਾਂ ਉਤਾਰਨ ਲੱਗ ਪਏ।

ਲੋਕਾਂ ਦੀ ਭੀੜ ਪਲ ਪਲ ਵਧਦੀ ਜਾ ਰਹੀ ਸੀ। ਕੁੱਝ ਝਿਊਰੀਆਂ ਵੀ ਰੋਂਦੀਆਂ ਪਿੱਟਦੀਆਂ ਆ ਪੁੱਜੀਆਂ, ਤੇ ਕਰਮਾਂ ਦੇ ਮੂੰਹ ਤੇ ਪਾਣੀ ਦੇ ਛਿੱਟੇ ਮਾਰਨ ਲੱਗੀਆਂ। ਲੋਕ ਬੱਚਿਆਂ ਨੂੰ ਖੂਹ ਦੇ ਨੇੜੇ ਆਉਣ ਤੋਂ ਵਰਜ ਰਹੇ ਸਨ। ਗੋਤਾਖੋਰ ਹੁਣ ਅੱਧ ਤੀਕ ਪੁੱਜ ਚੁੱਕਿਆ ਸੀ।

ਇਕਾਇਕ ਕਰਮਾਂ ਹੋਸ਼ ਵਿਚ ਆ ਗਈ। ਉਹਨੇ ਅੱਖਾਂ ਖੋਲ੍ਹੀਆਂ। ਫਿਰ ਉਹਦੀਆਂ ਪੁਤਲੀਆਂ ਵਿਚ ਜਿਵੇਂ ਕੋਈ ਭਿਆਨਕਤਾ ਮੱਚ ਪਈ ਤੇ ਉਹ ਇਕ ਝਟਕੇ ਨਾਲ ਉਠ ਖਲੋਤੀ। ਪਰ ਔਰਤਾਂ ਨੇ ਉਹਨੂੰ ਜਕੜ ਲਿਆ। ਫਿਰ ਉਹ ਇਕ ਦਮ ਬੱਚਿਆਂ ਵਾਂਗ ਰੋਣ ਲੱਗ ਪਈ। ਅਤੇ ਦੁਹੱਥੜੀਂ ਪਿੱਟਦੀ ਪੁਕਾਰਨ ਲੱਗੀ— ਹਾਏ ਮੇਰਾ ਭੁੰਗਾ। ਮੇਰਾ ਲਾਲ। ਮੇਰਾ ਚੰਨ ਦਾ ਟੁਕੜਾ। ਮੇਰਾ ਸੋਨੇ ਦਾ ਦਾਣਾ..... ਭੁੰਗੇ! ਵੇ ਭੁੰਗੇ! ਤੈਨੂੰ ਰੱਬ ਦਾ ਵਾਸਤਾ ਈ, ਤੂੰ ਮਰੀਂ ਨਾ — ਇੰਞ ਹੱਸਦਾ ਹੱਸਦਾ ਬਾਹਰ ਆ ਜਾ ਜਿਵੇਂ ਸਕੂਲੋਂ ਆਉਂਦਾ ਹੁੰਦਾ ਏਂ। ਮਰੀਂ ਨਾ, ਮੇਰੇ ਪੁੱਤਰ! ਜੇ ਤੂੰ ਮਰ ਗਿਆ ਖੁਦਾ ਦੀ ਖੁਦਾਈ ਵਿਚ ਜੀਣਾ ਕੌਣ ਰਹੇਗਾ।

ਕਰਮਾਂ ਰੋਂਦੀ ਪਿੱਟਦੀ ਤੇ ਵੈਣ ਪਾਉਂਦੀ ਰਹੀ। ਔਰਤਾਂ ਉਹਨੂੰ ਦਿਲਾਸਾ ਦੇਣ ਦੀ ਥਾਂ ਆਪ ਰੋਂਦੀਆਂ ਰਹੀਆਂ। ਖੂਹ ਦੁਆਲੇ ਇੰਨੀ ਭੀੜ ਹੋ ਗਈ ਸੀ ਜਿਵੇਂ ਮੇਲਾ ਲੱਗਿਆ ਹੋਵੇ। ਤੀਹ ਚਾਲ੍ਹੀ ਆਦਮੀ ਖੂਹ ਦੇ ਚਾਰੇ ਪਾਸੇ ਝੁਕ ਝੁਕ ਇਕ ਦੂਜੇ ਨੂੰ ਝੁਕ ਝੁਕ ਵੇਖਣ ਤੋਂ ਵਰਜ ਰਹੇ ਸਨ ਅਤੇ ਤਾਗੀਦਾਂ ਕਰ ਰਹੇ ਸਨ ਕਿ ਵੇਖਣਾ ਕਿਤੇ ਇਕ ਕੰਕਰ ਵੀ ਖੂਹ 'ਚ ਨਾ ਡਿੱਗ ਪਵੇ — ਜੇ ਡਿੱਗ ਪਈ ਤਾਂ ਗੋਤਾਖੋਰ ਦੇ ਗੋਲੀ ਵਾਂਗ ਲੱਗੇਗੀ।

ਫਿਰ ਖੂਹ ਚੋਂ ਗੋਤਾਖੋਰ ਦੀ ਆਵਾਜ਼ ਆਈ – ਮੈਂ ਪੁੱਜ ਗਿਆਂ। ਰੱਸੇ ਨੂੰ ਜ਼ਰਾ ਢਿੱਲਾ ਛੱਡ ਦਿਓ, ਮੈਂ ਗੋਤਾ ਮਾਰਾਂ।

ਸਾਰੇ ਲੋਕਾਂ ਨੇ ਸਾਹ ਤੱਕ ਰੋਕ ਲਿਆ। ਕਰਮਾਂ ਵੀ ਚੁੱਪ ਕਰ ਗਈ।

ਇਧਰ ਹਵਾ ਵਿਚ ਇਕ ਟਟੀਹਰੀ 'ਤਿਹਾਈ ਹਾਂ, ਤਿਹਾਈ ਹਾਂ' ਚੀਕਦੀ ਲੰਘ ਗਈ।
ਸੂਏ ਤੇ ਝੁਕੀ ਹੋਈ ਟਾਹਲੀ ਨਾਲੋਂ ਇਕ ਪੀਲਾ ਪੱਤਾ ਟੁੱਟਿਆ ਤੇ ਫਿਰਕੀ ਵਾਂਗ ਘੁੰਮਦਾ ਸੂਏ ਵਿਚ ਡਿੱਗ ਪਿਆ।

—— ਕੁੱਝ ਨਹੀਂ ਮਿਲਿਆ, ਪਤਾਲ ਚੋਂ ਅਵਾਜ਼ ਆਈ, ਫੇਰ ਗੋਤਾ ਮਾਰਦਾਂ।

ਲੋਕ ਘੁਸਰ ਮੁਸਰ ਕਰਨ ਲੱਗੇ। ਰਹਮਾਂ ਨੇ ਬੜੀ ਭਿਆਨਕਤਾ ਨਾਲ ਉਹਨਾਂ ਵੱਲ ਵੇਖਿਆ। ਫਿਰ ਆਪਣੇ ਵਾਲ ਖੋਹਣ ਲੱਗ ਪਈ।

—— ਪਾਣੀ ਬਹੁਤਾ ਡੂੰਘੈ, ਗੋਤਾਖੋਰ ਚੀਕਿਆ, ਮੈਂ ਥੱਲੇ ਤੀਕ ਨੀ ਪੁੱਜ ਸਕਿਆ, ਸਾਹ ਟੁੱਟ ਜਾਂਦੈ; ਮੈਨੂੰ ਬਾਹਰ ਖਿੱਚ ਲਵੋ।

—— ਹਾਏ ਵੇ ਪੁੱਤ! ਇਧਰ ਉਧਰ ਕੋਨੇ ਕੋਨੇ ਤਾਂ ਵੇਖ, ਰਹਮਾਂ ਸੂਏ ਤੇ ਝੁਕ ਪੁਕਾਰੀ। ਔਰਤਾਂ ਨੇ ਉਹਨੂੰ ਬਾਹਾਂ ਤੋਂ ਫੜਿਆਂ ਹੋਇਆ ਸੀ। —— ਹਾਲੀਂ ਬਾਹਰ ਨਾ ਨਿਕਲ। ਤੇਰੀ ਮਾਂ ਤੇਰੀਆਂ ਸੁਰਤੀਆਂ ਵੇਖ ਵੇਖ ਨਾ ਰੱਜੇ। ਇਕ ਗੋਤਾ ਪੁੱਤਰਾ ਹੋਰ..... ਫਿਰ ਉਹ ਲੱਪ ਲੱਪ ਹੰਝੂ ਕੇਰਨ ਲੱਗ ਪਈ। ਉਹਦੇ ਹੰਝੂ ਸੂਏ 'ਚ ਡਿੱਗਣ ਲੱਗ ਪਏ।

ਕੁੱਝ ਪਲ ਚੁੱਪ ਵਰਤੀ ਰਹੀ। ਨਗਾਰਾ ਵਜਾਉਣ ਵਾਲਾ ਮੀਰੂ ਮਿਰਾਸੀ ਸਿਰ ਤੇ ਮੱਠੀ ਛੁੱਕੀ ਰੱਖਿਆ ਰੱਖਿਆ ਆ ਪੁੱਛਿਆ।

— ਨਿਕਲਿਆ? ਉਹਨੇ ਪੁੱਛਿਆ।

— ਅਜੇ ਨੀ, ਕਿਸੇ ਨੇ ਜਵਾਬ ਦਿੱਤਾ।

— ਨਹੀਂ, ਮਾਸੀ; ਕੋਈ ਥਹੁ ਪਤਾ ਨੀ ਲਗਦਾ, ਗੋਤਾਖੋਰ ਬੋਲਿਆ – ਪਾਣੀ ਬਹੁਤ ਡੂੰਘੈ, ਮੇਰੇ ਪੈਰ ਹੇਠਾਂ ਨੀ ਲਗਦੇ। ਮੈਨੂੰ ਬਾਹਰ ਖਿੱਚ ਲਵੋ।

ਰਹਮਾਂ ਛਾਤੀ ਤੇ ਦੁਹੱਥੜ ਮਾਰ ਪਿੱਟਣ ਲੱਗ ਪਈ ਤੇ ਲੋਕ ਗੋਤਾਖੋਰ ਨੂੰ ਬਾਹਰ ਖਿੱਚਣ ਲੱਗ ਪਏ।

ਫਿਰ ਇਕ ਹੋਰ ਗੋਤਾਖੋਰ ਨੂੰ ਉਤਾਰਿਆ ਗਿਆ। ਇਵੇਂ ਵਾਰੀ ਵਾਰੀ ਛੇ ਗੋਤਾਖੋਰ ਸੂਏ ਵਿਚ ਉਤਰੇ, ਪਰ ਇਹ ਕਹਿੰਦਿਆਂ ਬਾਹਰ ਆ ਗਏ ਕਿ ਪਤਾ ਨਹੀਂ ਸੂਏ 'ਚ ਇਕਦਮ ਏਨਾ ਪਾਣੀ ਕਿਥੋਂ ਆ ਗਿਆ। ਥਾਹ ਮਿਲਦੀ ਹੀ ਨਹੀਂ।

ਲੋਕ ਚਾਰ ਚਾਰ, ਪੰਜ ਪੰਜ ਦੀਆਂ ਟੋਲੀਆਂ ਵਿਚ ਇਧਰ ਉਧਰ ਖਿੰਡ ਗਏ। ਰਹਮਾਂ ਰੋਂਦੀ ਪਿੱਟਦੀ ਰਹੀ।

ਇਕ ਆਦਮੀ ਨਾਲ ਦੇ ਪਿੰਡ ਵੱਲ ਭੱਜਿਆ ਤਾਂ ਕਿ ਉਥੋਂ ਦੇ ਮਸ਼ਹੂਰ ਗੋਤਾਖੋਰ ਨੂੰ ਬੁਲਾ ਲਿਆਵੇ। ਮਿਰਾਸੀ ਤੇ ਘੁਮਿਆਰ ਸੂਏ ਤੋਂ ਪਾਸੇ ਹੱਟ ਟਾਹਲੀ ਨਾਲ ਲੱਗ ਕੇ ਬਹਿ ਗਏ। ਰਹਮਾਂ ਨੂੰ ਵੀ ਔਰਤਾਂ ਇਕ ਪਾਸੇ ਲੈ ਗਈਆਂ। ਤਾਜ਼ੀ ਧੁੱਪ ਵਿਚ ਸੂਏ ਦਾ ਆਕਾਰ ਆਮ ਨਾਲੋਂ ਬਹੁਤਾ ਫੈਲ ਗਿਆ।

ਕੁੱਝ ਲੋਕ ਫਿਰਦੇ ਫਿਰਾਂਦੇ ਸੂਏ ਤੋਂ ਦੂਰ ਨਿਕਲ ਗਏ ਤੇ ਫਿਰ ਪਿੰਡ ਦੀ ਰਾਹ ਪੈ ਗਏ। ਬਨੇਰਿਆਂ ਤੋਂ ਔਰਤਾਂ ਦੀ ਗਿਣਤੀ ਵੀ ਘੱਟਦੀ ਘੱਟ ਗਈ।

ਮਲਕ ਰਹਿਮਾਨ ਖਾਂ ਜਦੋਂ ਨਮਾਜ਼ ਆਦਿਕ ਤੋਂ ਵਿਹਲੇ ਹੋ ਸੂਏ ਤੇ ਆਏ ਤਾਂ ਰਹਮਾਂ ਸੂਏ ਦੇ ਪਰਲੇ ਪਾਸੇ ਬੈਠੀ ਉਸੇ ਤਰ੍ਹਾਂ ਹੀ ਪਿੱਟ ਰਹੀ ਸੀ। ਮਲਕ ਸਾਹਿਬ ਦੇ ਹੱਥ 'ਚ ਤਸਬੀ ਤੇ ਮੱਥੇ ਤੇ ਸਜਦੇ ਦੀ ਮਿੱਟੀ ਉਸੇ ਤਰ੍ਹਾਂ ਲੱਗੀ ਹੋਈ ਸੀ। ਆਉਂਦਿਆਂ ਹੀ ਬੋਲੇ— ਰਹਮਾਂ ਵਿਚਾਰੀ ਨੂੰ ਪਿੱਟਣ ਤੋਂ ਰੋਕੋ। ਰੋਵੇ ਬੇਸ਼ਕ, ਪਰ ਪਿੱਟਣਾ ਜਾਇਜ਼ ਨਹੀਂ ਹੈ।

ਕਿਸੇ ਨੇ ਉਹਨਾਂ ਵੱਲ ਧਿਆਨ ਨਾ ਦਿੱਤਾ। ਮਲਕ ਰਹਿਮਾਨ ਖਾਂ ਨੇ ਵੀ ਸ਼ਾਇਦ ਇਹ ਗੱਲ ਐਵੇਂ ਰਸਮੀ ਤੌਰ ਤੇ ਕਹਿ ਦਿੱਤੀ ਸੀ, ਕਿਉਂਕਿ ਉਹ ਵੀ ਕਿਸੇ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਸੂਏ ਦੀ ਮੋੜ ਤੇ ਆ ਪਹੁੰਚੇ। ਹੇਠਾਂ ਵੇਖਿਆ। ਫਿਰ ਜਿਵੇਂ ਆਪਣੇ ਆਪ ਨੂੰ ਧੱਕਾ ਮਾਰ ਪਿਛਾਂਹ ਹੱਟ ਗਏ ਤੇ ਬੋਲੇ – ਸਾਡੇ ਪਹਾੜੀ ਇਲਾਕੇ ਦੀ ਏਹ ਕੇਹੀ ਬਦਕਿਸਮਤੀ ਹੈ ਕਿ ਏਥੇ ਪਾਣੀ ਬਹੁਤ ਡੂੰਘਾਈ ਵਿਚ ਮਿਲਦਾ ਹੈ। ਮੈਦਾਨੀ ਇਲਾਕੇ ਦੇ ਸੂਆਂ ਵਿਚ ਤਾਂ ਗਭਰੂ ਸ਼ਰਤਾਂ ਲਾ ਲਾ ਛਾਲਾਂ ਮਾਰਦੇ ਨੇ। ਸਾਡੇ ਸੂਏ 'ਚ ਕੋਈ ਡਿੱਗ ਪਏ ਤਾਂ ਡਰ ਦੇ ਮਾਰਿਆਂ ਅੱਧ 'ਚ ਹੀ ਜਾਨ ਨਿਕਲ ਜਾਂਦੀ ਹੈ।

— ਹੌਲੀ ਬੋਲੋ, ਮਲਕ ਜੀ, ਮੀਰੂ ਮਿਰਾਸੀ ਨੇ ਆਖਿਆ, ਰਹਮਾਂ ਵਿਚਾਰੀ ਦਾ ਤਾਂ ਕੁੱਝ ਖਿਆਲ ਕਰੋ।

— ਤੂੰ ਵੀ ਏਥੇ ਈ ਏਂ, ਮੀਰੂ! ਮਲਕ ਜੀ ਨੇ ਉਹਦੇ ਕੋਲ ਜਾ ਆਖਿਆ — ਨਹੀਂ ਮਿਲਿਆ ਵਿਚਾਰਾ?

—— ਜੀ ਹਾਲੀਂ ਨਹੀਂ। ਮੀਰੂ ਨੇ ਜਵਾਬ ਦਿੱਤਾ।

—— ਏਹ ਸਾਡੇ ਪਾਪਾਂ ਦੀ ਸਜ਼ਾ ਏ। ਉਹ ਬੋਲੇ।

ਮੀਰੂ ਹਵਾ ਵਿਚ ਹੀ ਵੇਖਦਾ ਰਹਿ ਗਿਆ।

ਫਿਰ ਮਲਕ ਜੀ ਨੇ ਆਖਿਆ — ਤੇ ਬਈ! ਉਹ ਰੇਤੇ ਦੇ ਤਿੰਨ ਬੋਰੇ ਜਿਹੜੇ ਮੈਂ ਤੈਨੂੰ ਲਿਆਉਣ ਲਈ ਆਖਿਆ ਸੀ? ਜੇ ਅਗਲੇ ਜੁੱਗ ਵਿਚ ਲਿਆਉਣ ਦੀ ਸਲਾਹ ਹੈ ਤਾਂ ਉਦੋਂ ਤੱਕ ਤੇ ਕਿਆਮਤ ਆ ਜਾਏਗੀ।

—ਜੀ ਚੰਗਾ, ਸੀਤੂ ਬੋਲਿਆ, ਤੇ ਉਸ ਨੌਜਵਾਨ ਵੱਲ ਵੱਧ ਗਿਆ ਜਿਹੜਾ ਹੁਣੇ ਹੁਣੇ ਪਿੱਛੋਂ ਆਇਆ ਸੀ ਤੇ ਖੂਹ 'ਚ ਉਤਰਨ ਲਈ ਲੰਗੋਟਾ ਕਸ ਰਿਹਾ ਸੀ।

ਗੋਤਾਖੋਰ ਨੂੰ ਖੂਹ 'ਚ ਉਤਾਰਨ ਵਾਲੇ ਖੂਹ ਦੇ ਲਾਗੇ ਆ ਗਏ। ਹੋਰ ਲੋਕ ਟੋਲੀਆਂ ਬਣਾ ਬਣਾ ਫਿਰਦੇ ਰਹੇ ਜਿਵੇਂ ਪਲੇਟਫਾਰਮ ਤੇ ਟਹਿਲ ਰਹੇ ਹੋਣ ਤੇ ਗੱਡੀ ਲੇਟ ਹੋਵੇ। ਕਰਮਾਂ ਜਦੋਂ ਗੋਤਾਖੋਰ ਨੂੰ ਅਸੀਸਾਂ ਦੇਣ ਲੱਗੀ ਤੇ ਮਲਕ ਰਹਿਮਾਨ ਸੀਤੂ ਨੂੰ ਇੰਞ ਆਖ ਪਿੰਡ ਨੂੰ ਪਰਤ ਗਏ — ਜੇ ਨਿਕਲ ਆਏ ਤਾਂ ਕਫ਼ਨ ਦਾ ਛੇਤੀ ਪ੍ਰਬੰਧ ਕਰਨਾ। ਜੇ ਮੁਰਦਾ ਦਿਨੇ ਦਿਨੇ ਦੱਬਿਆ ਜਾਏ ਤਾਂ ਉਹਦੀ ਕਬਰ ਤੇ ਰੌਸ਼ਨੀ ਰਹਿੰਦੀ ਹੈ।

ਮਲਕ ਰਹਿਮਾਨ ਖਾਂ ਪਿੰਡ ਦੀ ਵੱਡੀ ਗਲੀ ਦੇ ਸਿਰੇ ਦੇ ਮੋੜ ਤੇ ਪੁੱਜ ਗਏ ਸਨ ਜਦੋਂ ਗੋਤਾਖੋਰ ਦਾ ਪੈਰ ਪਾਣੀ ਨਾਲ ਲੱਗਿਆ। ਫਿਰ ਗੋਤਾਖੋਰ ਵੀ ਅਸਫ਼ਲ ਰਿਹਾ। ਉਹਦੇ ਖੂਹ 'ਚੋਂ ਬਾਹਰ ਨਿਕਲਣ ਤੋਂ ਪਹਿਲਾਂ ਹੀ ਗੁਆਂਢੀ ਪਿੰਡ ਵਾਲਾ ਇਨਾਮੀ ਗੋਤਾਖੋਰ ਵੀ ਪੁੱਜ ਗਿਆ।

ਦੁਪਹਿਰ ਹੋ ਗਈ ਸੀ। ਟਾਹਲੀ ਦਾ ਤਣਾ ਜਿਵੇਂ ਟਾਹਣੀਆਂ ਦੀ ਛਾਂ ਨੂੰ ਆਪਣੇ ਵੱਲ ਸਮੇਟ ਰਿਹਾ ਸੀ।

ਕਰਮਾਂ ਨੇ ਨਾਮੀ ਗੋਤਾਖੋਰ ਵੱਲ ਇੰਞ ਤੱਕਿਆ ਜਿਵੇਂ ਕਿਸੇ ਮੁਰੀਦ ਨੇ ਕਿਸੇ ਪਹੁੰਚੇ ਪੀਰ ਵੱਲ ਤੱਕਿਆ ਹੋਵੇ।

—ਬੜਾ ਔਖਾ ਕੰਮ ਏ ਏਹਨਾ ਦਾ, ਉਹਨੇ ਪਹਿਲੀ ਵਾਰ ਆਲੇ ਦੁਆਲੇ ਬੈਠੀਆਂ ਤੀਵੀਆਂ ਨਾਲ ਗੱਲ ਕੀਤੀ — ਏਹ ਗੋਤਾ ਮਾਰਨ ਵਾਲੇ ਮਾਵਾਂ ਤੋਂ ਵੱਡੀ ਦਾਤਾਂ ਬਖ਼ਸ਼ਵਾਈ ਫਿਰਦੇ ਨੇ। ਖੁਦਾ ਇਹਨਾਂ ਨੂੰ ਸਿਕੰਦਰ ਬਾਦਸ਼ਾਹ ਦੇ ਭਾਗ ਲਾਏ। ਖੁਆਜਾ ਖ਼ਿਜ਼ਰ ਦੀ ਉਮਰ ਪਾਉਣ ਇਹ। ਏਹ ਆਪਣੀਆਂ ਮਾਵਾਂ ਦੇ ਰਜਾਲੀ ਪੁੱਤ ਨੇ। ਜ਼ਰਾ ਕੁ ਰੁਕ ਫਿਰ ਬੋਲੀ — ਮੇਰੇ ਚੰਨ ਵਰਗੇ। ਤੇ ਫਿਰ ਜ਼ਾਰ ਜ਼ਾਰ ਰੋਣ ਲੱਗ ਪਈ।

ਗੋਤਾਖੋਰ ਛੋਟੇ ਕੱਦ ਵਾਲਾ ਪਤਲਾ ਜਿਹਾ ਨੌਜਵਾਨ ਸੀ। ਉਹਨੇ ਦੋਹਾਂ ਹੱਥਾਂ ਨਾਲ ਰੱਸਾ ਫੜ ਖੂਹ ਦੇ ਪਹਿਲ ਦੇ ਨਾਲ ਨਾਲ ਇੰਞ ਪੈਰ ਧਰ ਉਤਰਨਾ ਸ਼ੁਰੂ ਕੀਤਾ ਜਿਵੇਂ ਗਲੀ 'ਚ ਉੱਤਰ ਰਿਹਾ ਹੋਵੇ।

— ਰੱਸਾ ਢਿੱਲਾ ਛੱਡੋ। ਹੇਠਾਂ ਪੁੱਜ ਉਹ ਬੋਲਿਆ।

ਰੱਸਾ ਢਿੱਲਾ ਛੱਡ ਦਿੱਤਾ ਗਿਆ।

ਖੂਹ ਦੀ ਮੌਣ ਤੇ ਸਨਾਟਾ ਛਾ ਗਿਆ। ਕਰਮਾਂ ਨੇ ਦੁਆ ਲਈ ਹੱਥ ਉਤਾਂਹ ਚੁੱਕ ਦਿੱਤੇ।

—ਪਾਣੀ ਬੜਾ ਡੂੰਘਾ ਭਰਾਵੋ! ਇਕ ਗੋਤਾ ਹੋਰ ਲਾਕੇ ਵੇਖਦਾਂ। ਗੋਤਾਖੋਰ ਨੇ ਸੂਚਨਾ ਦਿੱਤੀ।

ਗੋਤਾਖੋਰ ਨੇ ਲਗਾਤਾਰ ਚਾਰ ਗੋਤੇ ਮਾਰੇ ਤੇ ਜਦੋਂ ਪੰਜਵੇਂ ਗੋਤੇ ਪਿਛੋਂ ਉਹਨੇ ਅਵਾਜ਼ ਮਾਰੀ

—ਮਿਲ ਗਿਆ ਬਈ ਮੁੰਡਾ — ਤਾਂ ਦੁਆਵਾਂ ਮੰਗ ਰਹੀ ਕਰਮਾਂ ਦੇ ਚਿਹਰੇ ਤੇ ਇਕ ਚਮਕ ਆ ਗਈ। ਫਿਰ ਇਹ ਚਮਕ ਬੁੱਝ ਗਈ ਤੇ ਉਹਦਾ ਚਿਹਰਾ ਭਿਆਨਕ ਹੋ ਗਿਆ।

ਕਿਸੇ ਨੇ ਗੋਤਾਖੋਰ ਤੋਂ ਇਹ ਪੁੱਛਣ ਦੀ ਲੋੜ ਮਹਿਸੂਸ ਨਾ ਕੀਤੀ ਕਿ ਮੁੰਡਾ ਜੀਂਦਾ ਹੈ ਜਾਂ ਮਰ ਗਿਆ। ਗੋਤਾਖੋਰ ਨੇ ਵੀ ਇਸ ਬਾਰੇ ਕੁਝ ਆਖਣਾ ਠੀਕ ਨਾ ਸਮਝਿਆ।

ਆਉਣ ਵਾਲੇ ਖਤਰੇ ਹੇਠ ਦੱਬੀ ਕਰਮਾਂ ਇਕ ਦਮ ਚੀਕ ਪਈ — ਕਿਵੇਂ ਐ ਮੇਰਾ ਬੱਚਾ?

ਗੋਤਾਖੋਰ ਨੇ ਕੋਈ ਉੱਤਰ ਨਾ ਦਿੱਤਾ। ਕਰਮਾਂ ਦੀ ਅਵਾਜ਼ ਜਿਵੇਂ ਡੂੰਘੇ ਖੂਹ ਦੀ ਗੁਲਾਈ ਵਿਚ ਹੇਠਾਂ ਗਈ ਸੀ ਉਂਞ ਹੀ ਇਕ ਗੂੰਜ ਬਣ ਉਤਾਂਹ ਆ ਗਈ।

— ਰੱਸਾ ਖਿੱਚ ਲਵੋ! ਮੈਂ ਲਕੜੀ ਤੇ ਬੈਠ ਲਾਸ਼ ਪੱਟਾਂ ਤੇ ਰੱਖ ਲਵਾਂਗਾ।

ਰੱਸਾ ਖਿੱਚਣ ਵਾਲਿਆਂ ਤਿੰਨ ਦੀਵਿਆ ਨੇ ਪਹਿਲੀ ਵਾਰ ਮੁੜ ਕੇ ਵੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ। ਜਿਥੇ ਹੁਣੇ ਹੀ ਇਕ ਮੇਲਾ ਲੱਗਿਆ ਹੋਇਆ ਸੀ। ਉਥੇ ਹੁਣ ਟਾਹਲੀਆਂ ਦੇ ਪੱਤੇ ਉੱਡ ਰਹੇ ਸਨ। ਜਾਪਦਾ ਸੀ ਜਿਵੇਂ ਸਾਰੇ ਪਿੰਡ ਦੀ ਵਸੋਂ ਚੁੱਪ ਚਪੀਤੇ ਖੂਹ 'ਚ ਗਰਕ ਹੋ ਗਈ ਹੈ। ਬੱਸ ਕੁਝ ਬੱਚੇ ਸਨ ਜਿਹੜੇ ਇਕ ਪਾਸੇ ਸਹਿਮੇ ਜਿਹੇ ਖਲੋਤੇ ਸਨ ਅਤੇ ਦੂਰ ਪਿੰਡ ਦੇ ਘਰਾਂ ਦੇ ਬਨੇਰਿਆਂ ਨੀਲੇ ਆਸਮਾਨ ਨੂੰ ਕੱਟ ਰਹੇ ਸਨ।

— ਲੋਕ ਕਿਥੇ ਚਲੇ ਗਏ? ਸੀਤੂ ਕਿਊਰ ਨੇ ਹੈਰਾਨੀ ਨਾਲ ਪੁੱਛਿਆ।

ਫਿਰ ਇਕ ਆਦਮੀ ਨੇ ਗੋਤਾਖੋਰ ਨੂੰ ਸੂਚਨਾ ਦਿੱਤੀ ਕਿ ਪਤਾ ਨਹੀਂ ਲੋਕ ਕਿਥੇ ਚਲੇ ਗਏ? ਅਸੀਂ ਕੁੱਲ ਤਿੰਨ ਆਦਮੀ ਹਾਂ; ਦੋ ਜਣਿਆਂ ਨੂੰ ਕਿਵੇਂ ਖਿਚੀਏ?

— ਲੋਕ ਸਨ ਹੀ ਕਿਥੇ, ਗੋਤਾਖੋਰ ਬੋਲਿਆ, ਮੈਂ ਤਾਂ ਜਦੋਂ ਆਇਆ ਸਾਂ ਤੁਸੀਂ ਹੀ ਤਿੰਨ ਸੀ।

ਜਾਂ ਮਾਸੀ ਤੇ ਕੁਝ ਬੱਚੇ ਸਨ।

ਕਿਸੇ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਦੋਂ ਲੋਕ ਪਿੰਡ ਪਰਤ ਆਪਣੇ ਘਰੀਂ ਤੁਰ ਗਏ ਸਨ। ਪਰਾਂ ਤੋਂ ਧੂੰਆਂ ਉਠ ਰਿਹਾ ਸੀ। ਨਾਲ ਦੀਆਂ ਪਹਾੜੀਆਂ 'ਚ ਇੱਜੜ ਚਰ ਰਹੇ ਸਨ। ਅਤੇ ਦੂਰ ਕੋਠੇ ਤੇ ਇਕ ਔਰਤ ਧੋਤੇ ਹੋਏ ਕਪੜੇ ਸੁਕਣੇ ਪਾ ਰਹੀ ਸੀ।

ਕਰਮਾਂ ਕੁਝ ਪਲ ਪਿੰਡ ਵਲ ਆਪਣੀਆਂ ਭਿਆਨਕ ਅੱਖਾਂ ਨਾਲ ਤੱਕਦੀ ਰਹੀ। ਫਿਰ ਉਹਨੇ ਹੇਠਲਾ ਬੁੱਲ੍ਹ ਟੁੱਕਿਆ ਤੇ ਰੱਸਿਆਂ ਵਾਲੇ ਕੋਲ ਆ ਕੇ ਬੋਲੀ – ਲਿਆਓ, ਮੈਂ ਖਿਚਾਂਗੀ। ਤਿੰਨਾਂ ਝਿਉਰਾਂ ਦੀਆਂ ਅੱਖਾਂ ਭਰ ਆਈਆਂ। ਫਿਰ ਇਕ ਨੇ ਬੱਚਿਆਂ ਨੂੰ ਬੁਲਾਇਆ। ਉਹ ਭੱਜਦੇ ਭੱਜਦੇ ਆਏ ਤੇ ਰੱਸੇ ਨੂੰ ਚਿੰਬੜ ਗਏ। ਕਰਮਾਂ ਛਾਤੀ ਤੇ ਹੱਥ ਰੱਖ ਫਿਰ ਪਾਸੇ ਖਲੋਤੀ ਰਹੀ।

ਹੌਲੀ ਹੌਲੀ ਰੱਸਾ ਖਿੱਚਿਆ ਜਾ ਰਿਹਾ ਸੀ। ਖੂਹ ਦੇ ਆਖਰੀ ਸਿਰੇ ਤੇ ਪੁੱਜ ਗੋਤਾਖੋਰ ਨੇ ਛੂੰਗੇ ਦੀ ਲਾਸ਼ ਆਪਣੇ ਪੱਟਾਂ ਤੋਂ ਛੱਡੀ ਪਰ ਉਹ ਉਹਨੂੰ ਫੜਣ ਵਾਲਾ ਕੋਈ ਨਹੀਂ ਸੀ। ਸਾਰੇ ਰੱਸੇ ਨੂੰ ਖਿੱਚੀ ਖਲੋਤੇ ਸਨ।

ਫਿਰ ਕਰਮਾਂ ਅਗਾਂਹ ਵਧੀ ਅਤੇ ਗੋਡਿਆਂ ਭਾਰ ਬੈਠ ਬਾਹਾਂ ਅੱਡ ਬੋਲੀ – ਮੇਰੇ ਫੁੱਲ ਨੂੰ ਮੇਰੀ ਝੋਲੀ 'ਚ ਪਾ ਦੇ, ਪੁੱਤਰ।

ਕਰਮਾਂ ਛੂੰਗੇ ਦੀ ਲਾਸ਼ ਨੂੰ ਆਪਣੀਆਂ ਬਾਹਾਂ 'ਚ ਲੈ ਕੇ ਉੱਠ ਖਲੋਤੀ। ਅਤੇ ਪਿੰਡ ਵੱਲ ਇਹ ਕਹਿੰਦਿਆਂ ਤੁਰ ਪਈ — ਫੁੱਲ ਮੇਰੇ ਬੱਚੇ ਸਕੂਲ ਜਾਣ ਲਈ ਦੇਰ ਹੋ ਗਈ ਏ।

ਸੀਤੂ ਮੰਜੀ ਚੁੱਕ ਨੱਸਿਆ ਆਇਆ ਤੇ ਕਰਮਾਂ ਦਾ ਰਾਹ ਰੋਕ ਕੇ ਖਲੋ ਗਿਆ। ਕਰਮਾਂ ਨੇ ਛੂੰਗੇ ਨੂੰ ਕੱਚ ਦੇ ਸਮਾਨ ਵਾਂਗ ਬੜੀ ਸਾਵਧਾਨੀ ਨਾਲ ਮੰਜੇ ਤੇ ਪਾਇਆ ਤੇ ਫਿਰ ਬੋਲੀ: — ਤੁਸੀਂ ਤਾਂ ਠੀਕ ਹੋ। ਜ਼ਨਾਨਾ ਤਾਂ ਭਾਰ ਚੁੱਕਦੇ ਨੇ।

ਫਿਰ ਕਿਸੇ ਨੂੰ ਸਾਹਮਣਿਓਂ ਮਲਕ ਰਹਿਮਾਨ ਖਾਂ ਆਉਂਦੇ ਨਜ਼ਰ ਆਏ। ਕੋਲ ਆ ਬੋਲੇ — ਮੈਂ ਸਮਝਿਆ ਸੀ ਏਥੇ ਬਹੁਤ ਸਾਰੇ ਲੋਕ ਹੋਣਗੇ ਤੇ ਉਹਨਾਂ ਨਾਲ ਗੱਲ ਕਰ ਲਵਾਂਗਾ। ਪਰ ਇਥੇ ਤਾਂ ਤੁਸੀਂ ਹੀ ਤਿੰਨ ਭਰਾ ਹੋ। ਸਾਰੇ ਚਲੇ ਗਏ ਥੱਕ ਕੇ। ਸਵੇਰ ਦੇ ਆਏ ਹੋਏ ਸਨ ਤੇ ਹੁਣ ਤਾਂ ਤੀਜੇ ਪਹਿਰ ਦੀ ਨਮਾਜ਼ ਦੀ ਅਜ਼ਾਨ ਹੋਣ ਵਾਲੀ ਹੈ।

ਹੁਣ ਮਲਕ ਸਾਹਿਬ ਮੰਜੀ ਦੇ ਨਾਲ ਨਾਲ ਤੁਰ ਰਹੇ ਸਨ। —— ਗੱਲ ਏਹ ਏ, ਬਈ, ਉਹ ਕਹਿਣ ਲੱਗੇ ਮੈਂ ਇਹ ਆਖਣਾ ਸੀ ਕਿ ਦੱਬ ਦੱਬ ਕੇ ਤੁਸੀਂ ਏਥੇ ਖੂਹ ਤੇ ਹੀ ਆ ਜਾਣਾ। ਜਨਾਜ਼ੇ ਉਤੇ ਮੈਂ ਲੋਕਾਂ ਨੂੰ ਵੀ ਆਖ ਦਿਆਂਗਾ ਕਿ ਖੂਹ ਤੇ ਚਲੇ ਜਾਣ। ਲਾਸ਼ ਨਿਕਲ ਆਈ ਏ ਤਾਂ ਹੁਣ ਖੂਹ ਨੂੰ ਪਾਕ ਵੀ ਕਰ ਲੈਣਾ ਚਾਹੀਦੈ। ਦੋ ਸੌ ਬੋਕੇ ਕੱਢਣੇ ਪੈਣਗੇ। ਤੁਸੀਂ ਝਿਉਰ ਲੋਕ ਬੋਕਾ ਵਧੀਆ ਖਿੱਚਦੇ ਹੋ। ਇਸੇ ਲਈ ਤੁਹਾਨੂੰ ਆਖ ਰਿਹਾ ਹਾਂ, ਤੇ ਨਾਲੇ ਇਹ ਪੁੰਨ ਦਾ ਕੰਮ ਵੀ ਤਾਂ ਹੈ।

o o o o o

---

# ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ

ਪੰਜਾਬੀ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਸਲਾਨਾ ਚੋਣ 25 ਨਵੰਬਰ ਨੂੰ ਹੋਈ, ਜਿਸ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ:

ਪ੍ਰਧਾਨ — ਮੁਖਤਿਆਰ ਔਲਖ — 321-2021
ਮੀਤ ਪ੍ਰਧਾਨ .... ਸੁਲੱਖਣ ਸਿੰਘ
ਖਜ਼ਾਨਚੀ — ਨਰਿੰਦਰ ਪੱਤ
ਸਕੱਤਰ — ਜਗਜੀਤ ਪੱਤ

ਨਵੰਬਰ 1972 ਵਿੱਚ ਜਨਮੀ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਮੁਖ ਸਰਗਰਮੀ ਪੰਜਾਬ ਦੇ ਦਿਲਕਸ਼ ਲੋਕ-ਨਾਚ ਭੰਗੜੇ ਦੀ ਪਰਦਰਸ਼ਨੀ ਹੈ। ਹੁਣ ਤੱਕ ਐਸੋਸੀਏਸ਼ਨ ਨੇ ਸਪੋਕੇਨ ਦੇ ਵਿਸ਼ਵ-ਮੇਲੇ, ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਅਤੇ CBC ਟੈਲੀਵਿਜਨ ਤੋਂ ਬਿਨਾਂ ਬੀ.ਸੀ. ਲਗਭਗ ਸਾਰੇ ਵੱਡੇ ਸ਼ਹਿਰਾਂ ਵਿੱਚ ਭੰਗੜਾ ਪੇਸ਼ ਕਰਕੇ ਕੈਨੇਡਾ ਵਿੱਚ ਪੰਜਾਬੀ ਸੱਭਿਆਚਾਰ ਦਾ ਗੌਰਵ ਵਧਾਉਣ ਵਿੱਚ ਉਘਾ ਯੋਗਦਾਨ ਪਾਇਆ ਹੈ। ਐਸੋਸੀਏਸ਼ਨ ਵੱਲੋਂ ਉਨ੍ਹਾਂ ਯੁਵਕਾਂ ਨੂੰ ਖੁੱਲਾ ਸੱਦਾ-ਪੱਤਰ ਦਿਤਾ ਜਾਂਦਾ ਹੈ ਜਿਹੜਾ ਭੰਗੜਾ ਪਾ ਸਕਦੇ ਹੋਣ ਜਾਂ ਭੰਗੜਾ ਸਿੱਖਣ ਵਿੱਚ ਗੰਭੀਰ ਦਿਲਚਸਪੀ ਰੱਖਦੇ ਹੋਣ।

# ਕ੍ਰਿਏਟਿਵ ਰਾਈਟਿੰਗ— ਇੱਕ ਮੁਲਾਕਾਤ

ਕ੍ਰਿਏਟਿਵ ਰਾਈਟਿੰਗ ਬਾਰੇ ਇਹ ਮੁਲਾਕਾਤ ਜਰਨੈਲ ਸਿੰਘ ਨੇ ਸੁਰਜੀਤ ਕਲਸੀ ਅਤੇ ਜੋਜ਼ੇ ਨਾਲ ਅੰਗ੍ਰੇਜ਼ੀ ਵਿੱਚ ਕੀਤੀ ਸੀ, ਇਹ ਅਨੁਵਾਦ ਸਾਨੂੰ ਵਰਤੋਂ ਲਈ ਭੇਜੀ ਹੈ ਤੇ ਅਸੀਂ ਪਾਠਕਾਂ ਤੇ ਲੇਖਕਾਂ ਦੀ ਦਿਲਚਸਪੀ ਲਈ ਛਾਪ ਰਹੇ ਹਾਂ। SURJEET KALSEY ਅਤੇ JOSEÉ M. LEBLOND ਨੇ UBC ਦੇ CREATIVE WRITTING DEPT. ਵਿਚੋਂ ਮਈ 1978 ਵਿਚ M.F.A ਦੀ ਡਿਗਰੀ ਪ੍ਰਾਪਤ ਕੀਤੀ ਹੈ। ਜਰਨੈਲ ਸਿੰਘ ਭਾਰਤ ਵਿੱਚ ਅੰਗ੍ਰੇਜ਼ੀ ਦੇ ਲੈਕਚਰਾਰ ਸਨ; ਇਹ ਤਿੰਨੇ ਪੰਜਾਬੀ ਤੇ ਅੰਗ੍ਰੇਜ਼ੀ ਵਿਚ ਕਵਿਤਾ ਅਤੇ ਵਾਰਤਕ ਲਿਖਦੇ ਹਨ।

—ਸੰਪਾਦਕ

**ਜਰਨੈਲ:** ਪਿਛਲੀ ਵਾਰ (26 ਅਗਸਤ'78) ਆਪਾਂ ਸਾਰੇ ਇਕ ਦੋਭਾਸ਼ੀ ਕਵਿਤਾਪਾਠ ਸਮੇਂ ਮਿਲੇ ਸਾਂ, ਜਿਸ ਵਿਚ ਪੰਜਾਬੀ ਤੇ ਅੰਗ੍ਰੇਜ਼ੀ ਕਵੀਆਂ ਨੇ ਆਪਣੀਆਂ ਰਚਨਾਵਾਂ ਤੇ ਕੁਝ ਅਨੁਵਾਦ ਪੜ੍ਹੇ, ਉਦੋਂ ਤੋਂ ਹੀ ਮੈਂ ਸੋਚਦਾ ਰਿਹਾ ਹਾਂ ਕਿ ਇਸ ਵਿਸ਼ੇ ਬਾਰੇ ਕੁਝ ਹੋਰ ਵੀ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ। ਕੀ ਇਹ ਕਵਿਤਾ ਪਾਠ ਯੂ. ਬੀ. ਸੀ. ਦੇ ਕ੍ਰਿਏਟਿਵ ਰਾਈਟਿੰਗ ਵਿਭਾਗ ਵੱਲੋਂ ਕਰਵਾਇਆ ਗਿਆ ਸੀ?

**ਸੁਰਜੀਤ:** ਨਹੀਂ, ਇਹ ਕ੍ਰਿਏਟਿਵ ਰਾਈਟਿੰਗ ਵਿਭਾਗ ਵੱਲੋਂ ਨਹੀਂ ਸੀ ਕਰਵਾਇਆ ਗਿਆ, ਪਰ ਇਸ ਵਿਚ ਸ਼ਾਮਿਲ ਹੋਣ ਵਾਲੇ ਅੰਗ੍ਰੇਜ਼ੀ ਲੇਖਕਾਂ 'ਚੋਂ ਬਹੁਤੇ ਇਸ ਵਿਭਾਗ ਨਾਲ ਸੰਬੰਧਤ ਸਨ।

**ਜਰਨੈਲ:** ਕ੍ਰਿਏਟਿਵ ਰਾਈਟਿੰਗ ਵਿਭਾਗ ਕੈਨੇਡਾ ਦੀਆਂ ਬਹੁਤ ਘੱਟ ਯੂਨੀਵਰਸਿਟੀਆਂ ਵਿਚ ਹਨ; ਜਿੱਥੋਂ ਤੱਕ ਮੈਨੂੰ ਪਤਾ ਹੈ ਯੂ. ਬੀ. ਸੀ. ਤੋਂ ਬਿਨਾਂ ਇਹ ਵਿਭਾਗ ਵਿਕਟੋਰੀਆ ਤੇ ਟ੍ਰਾਂਟੋ ਯੂਨੀਵਰਸਿਟੀਆਂ ਵਿਚ ਹੀ ਹਨ ਜਾਂ ਅਮਰੀਕਾ ਦੀਆਂ ਕੁਝ ਯੂਨੀਵਰਸਿਟੀਆਂ ਵਿਚ; ਇੰਡੀਆ, ਪਾਕਿਸਤਾਨ ਵਿਚ ਤਾਂ ਸ਼ਾਇਦ ਹੀ ਕਿਧਰੇ ਹੋਵੇ। ਸਾਨੂੰ ਇਸ ਵਿਭਾਗ ਤੇ ਇਸ ਦੇ ਬਾਨੀ ਬਾਰੇ ਕੁਝ ਦੱਸ ਸਕੋਗੇ?

**ਜੋਜ਼ੇ:** ਕੈਨੇਡਾ ਦੇ ਸ਼੍ਰੋਮਣੀ ਕਵੀ ਅਰਲ ਬਰਨੀ ਨੇ ਪੰਦਰਾਂ ਕੁ ਸਾਲ ਪਹਿਲਾਂ ਇਹ ਵਿਭਾਗ ਯੂ. ਬੀ. ਸੀ. ਵਿਚ ਸਥਾਪਿਤ ਕੀਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਯੂਨੀਵਰਸਿਟੀਆਂ ਵਿਚ ਇਕ ਅਜਿਹਾ ਵਿਭਾਗ ਹੋਣਾ ਚਾਹੀਦਾ ਹੈ ਜਿੱਥੇ ਉਭਰ ਰਹੇ ਲੇਖਕਾਂ ਨੂੰ ਆਪਣੀ ਰਚਨਾ ਪਰਖਣ, ਘੋਖਣ ਤੇ ਤਰਾਸ਼ਣ ਦਾ ਮੌਕਾ ਮਿਲ ਸਕੇ। ਉਦੋਂ ਇਹ ਵਿਭਾਗ ਅਮਰੀਕਨ ਪ੍ਰੋਫੈਸਰਾਂ ਤੇ ਅਮਰੀਕਨ ਹੀ ਵਿਦਿਆਰਥੀਆਂ ਨਾਲ ਭਰਿਆ ਹੁੰਦਾ ਸੀ—ਇਹ ਕੈਨੇਡਾ ਲਿਟ੍ਰੇਚਰ ਨੂੰ ਢਾਹੁਣ ਵਾਲੀ ਗੱਲ ਸੀ। ਹੁਣ ਹਾਲਤ ਕਾਫ਼ੀ ਬਦਲ ਗਈ ਹੈ ਅਜਕਲ ਬਹੁਗਿਣਤੀ ਕਨੇਡੀਅਨ ਲੇਖਕਾਂ ਤੇ ਵਿਦਿਆਰਥੀ ਲੇਖਕਾਂ ਦੀ ਹੀ ਹੈ।

**ਜਰਨੈਲ:** ਪੜ੍ਹਾਉਣ ਵਾਲੇ ਸਟਾਫ਼ ਬਾਰੇ ਕੁਝ ਦੱਸੋ? ਕੀ ਉਨ੍ਹਾਂ ਪਾਸ ਕਿਸੇ ਵਿਸ਼ੇਸ਼ ਕਿਸਮ ਦੀ ਯੋਗਤਾ ਹੋਣੀ ਲਾਜ਼ਮੀ ਹੈ?

**ਸੁਰਜੀਤ:** ਬੁਨਿਆਦੀ ਤੌਰ ਤੇ ਇਸ ਵਿਭਾਗ ਵਿਚ ਸਥਾਪਤ ਲੇਖਕ ਹੀ ਅਧਿਆਪਕ ਹੁੰਦੇ ਹਨ — ਅਰਲ ਬਰਨੀ, ਮਾਈਕਲ ਬੇਟਸ, ਰਾਬਰਟ ਹਾਰਲੋ, ਮਾਈਕਲ ਬੁੱਲਕ, ਪੈਟ ਲੋਅਰ, ਜਾਰਜ ਮੈੱਕਵਰਟਰ; ਇਸੇ ਤਰ੍ਹਾਂ ਹੀ ਵਿਕਟੋਰੀਆ ਯੂਨੀਵਰਸਿਟੀ ਵਿਚ ਰਾਬਿਨ ਸਕੈਲਟਨ, ਰਾਬਰਟ ਸਵਾਰਡ, ਤੇ ਆਂਦ੍ਰਿਆਸ ਸ਼ਰੋਇਡਰ ਜੋ 1977-78 ਵਿਚ ਕੈਨੇਡੀਅਨ ਰਾਈਟਰਜ਼ ਯੂਨੀਅਨ ਦਾ ਪ੍ਰਧਾਨ ਵੀ ਸੀ— ਇਹ ਅਧਿਆਪਕ ਲੇਖਕ ਆਪਣੇ ਤਜਰਬੇ ਅਤੇ ਮੁਹਾਰਤ ਤੋਂ ਪੜ੍ਹਾਉਂਦੇ ਹਨ, ਤੇ ਮੌਲਿਕ ਰਚਨਾਵਾਂ ਦੇ ਨਾਲ ਉਨ੍ਹਾਂ ਦਾ ਕੰਮ ਵੀ ਜਾਰੀ ਰਖਦੇ ਹਨ; ਇਨ੍ਹਾਂ ਦਾ ਕੰਮ ਕੁਦਰਤੀ ਬਰਸਾਤੀ ਨਦੀ ਵਾਂਗ ਨਹੀਂ ਸਗੋਂ ਨਿਰੰਤਰ ਤੌਰ ਤੇ ਵਗਦੇ ਦਰਿਆਵਾਂ ਦੀ ਰਮਜ਼ ਸਮਝਣ ਵਾਲੀ ਗੱਲ ਹੈ।

**ਜੋਜ਼ੇ:** ਅਜਿਹੇ ਸਥਾਪਿਤ ਲੇਖਕ ਅਧਿਆਪਕਾਂ ਦੀ ਯੋਗਤਾ ਬਾਰੇ ਇਕ ਮਿਸਾਲ ਲਓ: ਮਾਈਕਲ ਬੁੱਲਕ ਦੀ ਹੈ ਜਿਸਨੇ ਕਵਿਤਾ, ਗਲਪ ਤੇ ਪਰਾ-ਯਥਾਰਥਵਾਦੀ ਲੇਖਕ ਤੇ ਪੇਂਟਰ ਦੇ ਤੌਰ ਤੇ ਪ੍ਰਸਿੱਧੀ ਪ੍ਰਾਪਤ ਕਰਨ ਦੇ ਨਾਲ ਨਾਲ ਛੇ ਸੱਤ ਜ਼ਬਾਨਾਂ ਤੋਂ 150 ਦੇ ਕਰੀਬ ਪੁਸਤਕਾਂ ਨੂੰ ਅਨੁਵਾਦ ਕਰਕੇ ਅੰਗ੍ਰੇਜ਼ੀ ਦੁਨੀਆ ਵਿਚ ਪ੍ਰਚਲਿਤ ਕਰਵਾਇਆ ਹੈ।

**ਜਰਨੈਲ:** ਵਿਦਿਆਰਥੀ ਆਮ ਕਰਕੇ ਕਿਵੇਂ ਕਿਹੜੇ ਦਾਖ਼ਲ ਕੀਤੇ ਜਾਂਦੇ ਹਨ?

ਜੋਜ਼ੇ: ਨਵੇਂ ਤੇ ਉੱਭਰ ਰਹੇ ਲੇਖਕ --- ਸਾਹਿਤ ਦੇ ਵੱਖ ਵੱਖ ਰੂਪਾਂ ਨੂੰ ਅਪਣਾ ਚੁਕੇ ਲੇਖਕ --- ਦੁਨੀਆ ਦੀਆਂ ਵੱਖ ਵੱਖ ਭਾਸ਼ਾਵਾਂ ਬੋਲਣ ਲਿਖਣ ਵਾਲੇ ਲੇਖਕ ਤੇ ਅਨੁਵਾਦਕ ਵਿਦਿਆਰਥੀ ---

ਸੁਰਜੀਤ: ਬਹੁਤ ਸਾਰੇ ਵਿਦਿਆਰਥੀ ਲੇਖਕਾਂ ਦੀਆਂ ਰਚਨਾਵਾਂ ਪਹਿਲਾਂ ਹੀ ਕਿਸੇ ਨਾ ਕਿਸੇ ਮੈਗਜ਼ੀਨ ਵਿਚ ਛਪ ਚੁਕੀਆਂ ਹੁੰਦੀਆਂ ਹਨ। ਹਰ ਇਕ ਵਿਦਿਆਰਥੀ ਨੂੰ ਇਕ ਤੋਂ ਵੱਧ ਭਾਸ਼ਾਵਾਂ ਦਾ ਚੰਗਾ ਗਿਆਨ ਹੋਣਾ ਜ਼ਰੂਰੀ ਹੈ. ਦਾਖ਼ਲੇ ਦੀਆਂ ਸ਼ਰਤਾਂ ਅਨੁਸਾਰ ਹਰ ਵਿਦਿਆਰਥੀ ਨੂੰ ਸੱਠ ਜਾਂ ਸੱਤਰ ਸਫ਼ੇ ਮੌਲਿਕ ਰਚਨਾ ਦੇ (ਛਪੀ ਜਾਂ ਅਣਛਪੀ) ਪੇਸ਼ ਕਰਨੇ ਪੈਂਦੇ ਹਨ ਤੇ ਇਸ ਰਚਨਾ ਦਾ ਮੁਲਅੰਕਣ ਹੀ ਵਿਦਿਆਰਥੀ ਦੇ ਇਸ ਵਿਭਾਗ ਵਿਚ ਦਾਖ਼ਲੇ ਜਾਂ ਨਾ-ਦਾਖ਼ਲੇ ਲਈ ਫ਼ੈਸਲਾਕੁਨ ਹੁੰਦਾ ਹੈ।

ਜੋਜ਼ੇ: ਹਰ ਸਾਲ ਲਗਭਗ ਦਸ ਬਾਰਾਂ ਬੋਲੀਆਂ ਦੇ ਵਿਦਿਆਰਥੀ ਦਾਖ਼ਲ ਹੁੰਦੇ ਹਨ। ਬਹੁਤਾਤ ਯੋਰਪ ਭਾਸ਼ਾਵਾਂ ਦੀ ਹੁੰਦੀ ਹੈ; ਫ੍ਰੈਂਚ ਤੇ ਸਪੈਨਿਸ਼ ਦੇ ਵਿਦਿਆਰਥੀ ਤਕਰੀਬਨ ਹਰ ਸਾਲ ਹੀ ਹੁੰਦੇ ਹਨ।

ਸੁਰਜੀਤ: ਜੋਜ਼ੇ ਤੂੰ ਵੀ ਤਾਂ ਫ੍ਰੈਂਚ 'ਚੋਂ ਕੰਮ ਕਰਕੇ ਡਿਗਰੀ ਲਈ ਹੈ।

ਜੋਜ਼ੇ: ਹਾਂ, ਪਰ ਮੇਰਾ ਖ਼ਿਆਲ ਹੈ ਏਸ਼ੀਆ 'ਚੋਂ ਅਰਬੀ, ਫ਼ਾਰਸੀ, ਚੀਨੀ, ਜਪਾਨੀ ਤੇ ਭਾਰਤੀ ਭਾਸ਼ਾਵਾਂ ਦੇ ਵਿਦਿਆਰਥੀ ਅਕਸਰ ਘੱਟ ਹੀ ਹੁੰਦੇ ਹਨ।

ਜਰਨੈਲ: ਭਾਰਤ 'ਚੋਂ ਹੁਣ ਤਕ ਕਿੰਨੇ ਕੁ ਵਿਦਿਆਰਥੀ ਇਹ ਕੋਰਸ ਕਰ ਚੁਕੇ ਹਨ?

ਜੋਜ਼ੇ: ਦੋ — ਪਹਿਲਾਂ ਬੰਗਾਲ ਦਾ ਇਕ ਲੇਖਕ ਅਨਿਲ ਚੈਟਰਜੀ ਇਥੋਂ ਇਹ ਡਿਗਰੀ ਪ੍ਰਾਪਤ ਕਰਕੇ ਗਿਆ ਹੈ; ਹੁਣ ਇਸ ਸਾਲ ਸੁਰਜੀਤ ਨੇ ਇਹ ਡਿਗਰੀ ਲਈ ਹੈ — ਮਈ ਵਿੱਚ ਮੇਰੇ ਨਾਲ।

ਜਰਨੈਲ: ਜੋ ਵਿਦਿਆਰਥੀ ਇਥੇ ਆਕੇ ਵੱਖ ਵੱਖ ਜ਼ੁਬਾਨਾਂ ਵਿਚੋਂ ਕੰਮ ਕਰਦੇ ਹਨ ਕੀ ਉਨ੍ਹਾਂ ਦੇ ਮਾਧਿਅਮ ਵੀ ਵੱਖਰੇ ਵੱਖਰੇ ਹੁੰਦੇ ਹਨ?

ਸੁਰਜੀਤ: ਨਹੀਂ, ਮਾਧਿਅਮ ਤਾਂ ਸਭ ਦਾ ਅੰਗ੍ਰੇਜ਼ੀ ਹੀ ਹੁੰਦਾ ਹੈ।

ਜਰਨੈਲ: ਵਿਦਿਆਰਥੀ ਦੀ ਮਾਤਬੋਲੀ ਸਮਝੇ ਬਿਨਾਂ ਪ੍ਰੋਫ਼ੈਸਰ ਉਸਦੀ ਰਚਨਾ ਨੂੰ ਕਿਵੇਂ ਜਾਂਚ ਸਕਦੇ ਹਨ?

ਜੋਜ਼ੇ: ਮੌਲਿਕ ਰਚਨਾ ਤਾਂ ਅੰਗ੍ਰੇਜ਼ੀ ਵਿਚ ਹੀ ਕਰਨੀ ਪੈਂਦੀ ਹੈ।

ਸੁਰਜੀਤ: ਅਨੁਵਾਦ ਵਰਕਸ਼ਾਪਾਂ ਵਿਚ ਆਮ ਕਰਕੇ ਉਸ ਬੋਲੀ ਨੂੰ ਸਮਝਣ ਵਾਲੇ ਇਕ ਤੋਂ ਵੱਧ ਵਿਦਿਆਰਥੀ ਹੁੰਦੇ ਹਨ; ਜੇ ਨਾ ਵੀ ਹੋਣ ਤਾਂ ਉਸ ਭਾਸ਼ਾ ਨੂੰ ਬੋਲਣ ਤੇ ਸਮਝਣ ਵਾਲੇ ਸਾਹਿਤਕ ਰੁਚੀ ਵਾਲੇ ਲੋਕਾਂ ਨੂੰ ਕਈ ਵਾਰ ਸੱਦਾ-ਪੱਤਰ ਦਿਤਾ ਜਾਂਦਾ ਹੈ। ਜੇ ਕਿਸੇ ਰਚਨਾ ਨੂੰ ਪ੍ਰੋਫ਼ੈਸਰ ਜਾਂ ਹੋਰਨਾਂ ਭਾਸ਼ਾਵਾਂ ਵਾਲੇ ਵਿਦਿਆਰਥੀ ਨਾ ਸਮਝ ਸਕਣ ਤਾਂ ਵਿਦਿਆਰਥੀ ਨੂੰ ਉਸ ਰਚਨਾ ਦਾ ਸ਼ਬਦ-ਦਰ ਸ਼ਬਦ ਅਨੁਵਾਦ ਕਰਨ ਲਈ ਕਿਹਾ ਜਾਂਦਾ ਹੈ ਇਸ ਤਰ੍ਹਾਂ ਗੱਲ ਸਪਸ਼ਟ ਹੋ ਜਾਂਦੀ ਹੈ ਤੇ ਮਗਰੋਂ ਉਸ ਰਚਨਾ ਦਾ ਬਾਕਾਇਦਾ ਅਨੁਵਾਦ ਕਰ ਲਿਆ ਜਾਂਦਾ ਹੈ।

ਜਰਨੈਲ: ਇਸ ਤੋਂ ਇਲਾਵਾ ਕਰੀਏਟਿਵ ਰਾਈਟਿੰਗ ਪ੍ਰੋਗ੍ਰਾਮ ਦੇ ਬਾਰੇ ਇਥੇ ਹੋਰ ਕੀ ਕੁਝ ਆਉਂਦਾ ਹੈ?

ਜੋਜ਼ੇ: ਕ੍ਰਿਏਟਿਵ ਰਾਈਟਿੰਗ ਦਾ ਘੇਰਾ ਬੜਾ ਵਿਸ਼ਾਲ ਹੈ; ਸਾਰੇ ਦਾ ਵਿਸਥਾਰ ਤਾਂ ਸ਼ਾਇਦ ਸਫ਼ਿਆਂ ਦੇ ਸਫ਼ੇ ਭਰਕੇ ਵੀ ਨਾ ਹੋ ਸਕੇ। ਥੋੜੇ ਮੈਂ ਸੰਖੇਪ 'ਚ ਦਸਦੀ ਹਾਂ — ਇਸ ਵਿਚ ਸਾਹਿਤ ਦੇ ਵੱਖ ਵੱਖ ਰੂਪਾਂ ਦੀ ਮੌਲਿਕ ਰਚਨਾ ਅਤੇ ਵੱਖ ਵੱਖ ਭਾਸ਼ਾਵਾਂ ਦੇ ਸਾਹਿਤਾਂ ਦਾ ਅਨੁਵਾਦ ਕੀਤਾ ਜਾਂਦਾ ਹੈ। ਇਸ ਦੇ ਨਾਲ ਨਾਲ ਨਾਟਕਾਂ ਤੇ ਵੱਡੇ ਤਮਾਸ਼ਿਆਂ ਨੂੰ ਰੇਡੀਓ, ਟੀ.ਵੀ. ਤੇ ਸਟੇਜ ਵਾਸਤੇ ਫ਼ਿਲਮਾਏ ਜਾਣ ਦੀਆਂ ਬੜੀਆਂ ਆਧੁਨਿਕ ਤਕਨੀਕਾਂ ਦਾ ਗਿਆਨ ਦਿਤਾ ਜਾਂਦਾ ਹੈ। ਸਾਹਿਤ ਦਾ ਹਰ ਪੱਖ ਕੱਚੀ ਮਿੱਟੀ ਦਾ ਇਕ ਟੁਕੜਾ ਮਾਤਰ ਹੀ ਹੁੰਦਾ ਹੈ ਜਿੰਨੀ ਦੇਰ ਤਕ ਉਹ ਵਰਕਸ਼ਾਪਾਂ ਦੀ ਛਾਣਨ, ਪਰਖਣ, ਘੋਖਣ ਦੀ ਭੱਠੀ 'ਚੋਂ ਗੁਜ਼ਰਕੇ ਇਕ ਢਲਿਆ ਤਰਾਸ਼ਿਆ ਆਕਰਸ਼ਕ ਰੂਪ ਸਾਹਮਣੇ ਨਹੀਂ ਆਉਂਦਾ।

ਜਰਨੈਲ: ਨੌਜਵਾਨ ਲੇਖਕਾਂ ਲਈ ਸਿੱਖਣ ਵਾਲੀ ਇਕ ਵੱਡੀ ਗੱਲ ਇਹ ਹੈ ਕਿ ਰਚਨਾਂ ਦੀ ਕਾਂਟ ਛਾਂਟ ਕਿਵੇਂ ਕਰਨੀ ਹੈ; ਕੋਰਸ ਤੋਂ ਬਾਹਰ ਸਾਹਿਤਕ ਆਲੋਚਨਾ ਦੀ ਯੋਗਤਾ ਵੱਧ ਜਾਣੀ ਕੁਦਰਤੀ ਗੱਲ ਨਹੀਂ?

ਸੁਰਜੀਤ: ਹਰ ਕਿਸਮ ਦੀ ਰਚਨਾ ਲਈ ਰਚਨਾ ਤੇ ਆਲੋਚਨਾ ਵਿਧੀਆਂ ਦਾ ਗਿਆਨ ਵਰਤਉਣਾ ਹੀ ਇਸ ਕੋਰਸ ਦਾ ਮੰਤਵ ਹੈ। ਜਿਹੜੇ ਵਿਦਿਆਰਥੀ-ਲੇਖਕ ਉਸਾਰੂ ਤੇ ਨਿਰਪੱਖ ਸਾਹਿਤਕ ਆਲੋਚਨਾ ਕਰਨ ਜਾਣਦੇ ਹਨ ਉਹੀ ਆਪਣੀ ਰਚਨਾ ਬਾਰੇ ਆਲੋਚਨਾ ਦੀ ਤਾਬ ਝੱਲ ਸਕਦੇ ਹਨ। ਨਵੇਂ ਆਏ ਹੁਣ ਵਰਕਸ਼ਾਪਾਂ ਦੇ ਕੰਮ ਤੇ ਝਾਤ ਮਾਰ ਲਏ ਹਾਂ ਇਉਂ ਜਾਪਦਾ ਹੈ ਜਿਵੇਂ ਹਰ ਰਚਨਾ ਆਦਿ ਤੋਂ ਅੰਤ ਤੱਕ ਸਾਵਧਾਨ ਇਕ ਲੰਮਾ ਪੈਂਡਾ ਤਹਿ ਕਰਦੀ ਹੈ; ਇਸ ਪੈਂਡੇ ਦੇ ਦੌਰਾਨ ਰਸਤੇ ਦੀਆਂ ਦੀ

ਔਰਤਾਂ ਹਨ, ਪਾਠਕ ਕਦੇ ਨਹੀਂ ਜਾਣ ਸਕਦਾ। ਦੂਜਾ – ਜੋ ਲੇਖਕ ਲੋਕਾਂ ਦੁਆਰਾ ਨਹੀਂ ਪੁੱਛੀ ਗਈ ਤਾਂ ਕਰਦਾ ਹੈ – ਜੋ ਰਚਨਾ ਦੀ ਲੋੜ੍ਹੀ ਹੈ। ਟੈਕਨੀਕਲ ਭਾਸ਼ਾ ਵਿਚ ਇਸ ਨੂੰ ਬੈਕਗਰਾਊਂਡ ਕੰਮ ਵੀ ਕਿਹਾ ਜਾ ਸਕਦਾ ਹੈ।

ਜਰਨੈਲ: ਇਬਸਨ ਤੇ ਦਾਸਤੋਵਸਕੀ ਨੇ ਕੋਈ ਟ੍ਰੇਨਿੰਗ ਨਹੀਂ ਲਈ ਸੀ ਫਿਰ ਵੀ ਉਹ ਮਹਾਨ ਸਾਹਿਤਕਾਰ ਹਨ। ਮੇਰੇ ਖ਼ਿਆਲ ਵਿਚ ਸਿਰਜਨਾਤਮਕ ਸ਼ਕਤੀ ਲੇਖਕ ਦੇ ਅੰਦਰ ਹੋਣੀ ਚਾਹੀਦੀ ਹੈ ਟ੍ਰੇਨਿੰਗ ਅੰਦਰ ਨਹੀਂ।

ਜੋਜ਼ੇ: ਇਹ ਠੀਕ ਹੈ ਸਿਰਜਨਾਤਮਕ ਸ਼ਕਤੀ ਲੇਖਕ ਦੇ ਅੰਦਰ ਹੀ ਹੁੰਦੀ ਹੈ ਪਰ ਜੇ ਇਸ ਸ਼ਕਤੀ ਜਾਂ ਪ੍ਰਤਿਭਾ ਨੂੰ ਹੋਰ ਪ੍ਰਫੁੱਲਤ ਤੇ ਤੀਖਣ ਹੋਣ ਦਾ ਮੌਕਾ ਮਿਲੇ ਤਾਂ ਮੇਰਾ ਖ਼ਿਆਲ ਹੈ ਹਰ ਨਵ-ਲੇਖਕ ਇਸ ਦਾ ਲਾਭ ਉਠਾਉਣਾ ਚਾਹੇਗਾ। ਉਸ ਵੇਲੇ ਦਾਸਤੋਵਸਕੀ ਦਾ ਯੁੱਗ, ਰੇਡੀਓ ਤੇ ਟੀ.ਵੀ. ਦਾ ਯੁੱਗ ਨਹੀਂ ਸੀ, ਅੱਜ ਕਲ੍ਹ ਬੈਕਿੱਟ ਵਰਗੇ ਲੇਖਕ ਦਾ ਵਿਸ਼ਵਾਸ ਵੀ ਇਸ ਯੁੱਗ ਦੇ ਨਵੇਂ ਆਵਿਸ਼ਕਾਰ ਦੀਆਂ ਰਚਨਾਵਾਂ ਵੱਲ ਵਧੇਰੇ ਹੈ; ਰੇਡੀਓ ਤੇ ਟੀ.ਵੀ. ਲਈ ਰਚਨਾ ਕਰਨ ਦੀਆਂ ਵਿਧੀਆਂ ਦੀ ਟ੍ਰੇਨਿੰਗ ਤਾਂ ਹਰ ਲੇਖਕ ਲਈ ਲਾਭਦਾਇਕ ਹੋ ਸਕਦੀ ਹੈ। ਪਰ ਜਿਥੋਂ ਤੱਕ ਬੈਕਗਰਾਊਂਡ ਕੰਮ ਦਾ ਸੁਆਲ ਹੈ ਦਾਸਤੋਵਸਕੀ ਜਾਂ ਟਾਲਸਟਾਏ ਅੱਜ ਦੇ ਲੇਖਕ ਨਾਲੋਂ ਕਿਤੇ ਵੱਧ ਕਰਦੇ ਰਹੇ ਸਨ।

ਜਰਨੈਲ: ਟਾਲਸਟਾਏ ਨੇ "ਯੁੱਧ ਤੇ ਅਮਨ" ਨੂੰ ਸੌਆਂ ਵਾਰ ਲਿਖਿਆ ਸੀ ਕੀ ਏਸੇ ਨੂੰ ਤੁਸੀਂ ਬੈਕਗਰਾਊਂਡ ਕੰਮ ਕਹਿੰਦੇ ਹੋ?

ਸੁਰਜੀਤ: ਹਾਂ! ਆਪਣੇ ਆਪ ਨੂੰ ਸ੍ਵੈ-ਵਰਕਸ਼ਾਪ ਵਿਚ ਹਰ ਲੇਖਕ ਹੀ ਖਪਾਉਂਦਾ ਹੈ।

ਅਸਲ ਵਿਚ ਮੇਰਾ ਵਿਚਾਰ ਸੀ ਬੈਕਗਰਾਊਂਡ ਕੰਮ ਕ੍ਰੀਏਟਿਵ ਰਾਈਟਿੰਗ ਦਾ ਅਨਿਖੜਵਾਂ ਅੰਗ ਹੋਣਾ ਚਾਹੀਦਾ ਹੈ। ਵਰਕਸ਼ਾਪਾਂ ਵਿਚ ਰਚਨਾ ਦੀ ਕਾਂਟ ਛਾਂਟ ਸਾਰੇ ਵਿਦਿਆਰਥੀਆਂ ਦੇ ਸਾਹਮਣੇ ਹੁੰਦੀ ਹੈ। ਇਸ ਦਾ ਲਾਭ ਇਹ ਹੈ ਕਿ ਤੁਸੀਂ ਇਕ ਲੇਖਕ ਦੇ ਤੌਰ ਤੇ ਦੂਜੇ ਲੇਖਕਾਂ ਦੀ ਰਚਨਾ ਵਿਚ ਹੀ ਹਾਜ਼ਰ ਨਹੀਂ ਹੁੰਦੇ ਸਗੋਂ ਪਾਠਕਾਂ ਸਾਹਮਣੇ ਵੀ ਹਾਜ਼ਰ ਹੁੰਦੇ ਹੋ – ਤੇ ਉਹ ਤੁਹਾਡੇ ਪਾਠਕ ਹੀ ਨਹੀਂ ਜੱਜ ਵੀ ਹਨ। ਇਹ ਇਕ ਦੁਰਲੱਭ ਤਜਰਬਾ ਹੈ।

ਜਰਨੈਲ: ਹੁਣ ਤਕ ਕ੍ਰੀਏਟਿਵ ਰਾਈਟਿੰਗ ਵਿਭਾਗ ਨੇ ਕੋਈ ਉੱਘੇ ਲੇਖਕ ਪੈਦਾ ਕੀਤੇ ਹਨ?

ਜੋਜ਼ੇ: ਇਹ ਵਿਭਾਗ ਉੱਘੇ ਲੇਖਕ ਪੈਦਾ ਕਰਨ ਦਾ ਦਾਅਵਾ ਤਾਂ ਨਹੀਂ ਕਰਦਾ ਫਿਰ ਵੀ ਕਿੰਨੇ ਹੀ ਸਥਾਪਤ ਲੇਖਕਾਂ ਦੇ ਨਾਂ ਲਏ ਜਾ ਸਕਦੇ ਹਨ ਜਿਹੜੇ ਕਦੀ ਇਸ ਵਿਭਾਗ ਦੇ ਵਿਦਿਆਰਥੀ ਸਨ ਮਿਸਾਲ ਵਜੋਂ ਜਾਰਜ ਮੈੱਕਵਰਟਰ ਚੀਫ਼ ਐਡੀਟਰ PRISM INTERNATIONAL; ਆਂਦਰਿਆਸ ਸ਼ਰੋਇਡਰ ਐਡੀਟਰ CONTEMPORARY LITERATURE IN TRANSLATION; ਪ੍ਰੋਫੈਸਰ ਮੈਥਿਊ ਸੈਂਡਜ਼, ਰੌਬੀ ਡੌਡ, ਅਤੇ ਜੈਫ਼ਰੀ ਹੈਨਕਾਕ ਐਡੀਟਰ ਕਨੇਡੀਅਨ ਫਿਕਸ਼ਨ ਮੈਗਜ਼ੀਨ; ਤੇ ਰਾਬਰਟ ਬ੍ਰਿੰਗਹਰਸਟ ਆਦਿ।

ਜਰਨੈਲ: ਇਸ ਵਿਭਾਗ ਦੇ ਵਿਦਿਆਰਥੀਆਂ ਨੇ ਕਿਹੜੇ ਉੱਘੇ ਲੇਖਕਾਂ ਦੇ ਅਨੁਵਾਦ ਕੀਤੇ ਹਨ?

ਜੋਜ਼ੇ: ਬੋਰਹੇਸ, ਦਾਸਤੋਵਸਕੀ, ਕਵਾਬਾਟਾ ਆਦਿ ਜਗਤ ਪ੍ਰਸਿੱਧ ਲੇਖਕਾਂ ਦੇ ਅਨੁਵਾਦ ਹੋ ਚੁੱਕੇ ਹਨ। ਕਈ ਵਿਦਿਆਰਥੀਆਂ ਨੇ ਅਫ਼ਰੀਕੀ, ਜਪਾਨੀ, ਚੀਨੀ, ਹਿਬਰੂ ਆਦਿ ਭਾਸ਼ਾਵਾਂ 'ਚੋਂ ਵੀ ਅਨੁਵਾਦ ਕੀਤੇ ਹਨ। ਕੁਝ ਇਕ ਨੇ ਤਾਂ ਬਿਲਕੁਲ ਨਵੇਂ ਲੇਖਕਾਂ ਦਾ ਪਹਿਲਾਂ ਅੰਗ੍ਰੇਜ਼ੀ ਦੁਨੀਆ ਨਾਲ ਤੁਆਰਫ਼ ਕਰਵਾਇਆ ਹੈ, ਇਸੇ ਤਰ੍ਹਾਂ ਪੰਜਾਬੀ ਲੇਖਕਾਂ ਦੇ ਅਨੁਵਾਦ ਕਨੇਡੀਅਨ ਵਿਦਿਆਰਥੀਆਂ ਲਈ ਬਿਲਕੁਲ ਨਵੇਂ ਅਨੁਭਵ ਹਨ।

ਜਰਨੈਲ: ਤੁਹਾਡੇ ਵਿਚਾਰ ਵਿਚ ਅਨੁਵਾਦ ਦੀ ਕਿੰਨੀ ਕੁ ਮਹੱਤਤਾ ਹੈ?

ਸੁਰਜੀਤ: ਅਨੁਵਾਦ ਦੀ ਆਪਣੀ ਇਕ ਵਿਸ਼ੇਸ਼ ਮਹੱਤਤਾ ਹੈ। ਇਹ ਇਕ ਸਿਰਜਨਾਤਮਕ ਕਲਾ ਹੈ ਜਿਸ ਵਿਚ ਅਨੁਵਾਦਕ ਆਪਣੀ ਆਤਮਾ ਤੇ ਬੁੱਧੀ ਉਸੇ ਤਰ੍ਹਾਂ ਹੀ ਲਾਉਂਦਾ ਹੈ ਜਿਵੇਂ ਲੇਖਕ ਨੇ ਰਚਨਾ ਵਿਚ ਲਾਈ ਹੁੰਦੀ ਹੈ। ਅਨੁਵਾਦ ਹੀ ਇਕ ਜ਼ਰੀਆ ਹੈ ਜਿਸ ਰਾਹੀਂ ਦੁਨੀਆ ਦੇ ਵੱਖ ਵੱਖ ਭਾਸ਼ਾਵਾਂ ਦੇ ਸਾਹਿਤ ਨੂੰ ਜਾਣਿਆ ਜਾ ਸਕਦਾ ਹੈ, ਜਾਂ ਫਿਰ ਦੁਨੀਆ ਭਰ ਦੀਆਂ ਜ਼ੁਬਾਨਾਂ ਸਿਖਣੀਆਂ ਪੈਣਗੀਆਂ।

ਜੋਜ਼ੇ: ਕਿਸੇ ਭਾਸ਼ਾ ਦਾ ਕੋਈ ਮਹਾਨ ਲੇਖਕ ਉਨੀ ਦੇਰ ਆਪਣੇ ਸਾਹਿਤ ਤੇ ਸਭਿਆਚਾਰ ਦੇ ਦਾਇਰੇ ਤੱਕ ਹੀ ਸੀਮਿਤ ਰਹਿੰਦਾ ਹੈ ਜਿੰਨੀ ਦੇਰ ਉਸ ਦੀ ਰਚਨਾ ਅਨੁਵਾਦਾਂ ਰਾਹੀਂ ਦੁਨੀਆ ਦੇ ਹੋਰਨਾਂ ਭਾਸ਼ਾਵਾਂ ਵਾਲੇ ਲੋਕਾਂ ਤੱਕ ਨਹੀਂ ਪਹੁੰਚਾਈ ਜਾਂਦੀ। ਇਸ ਤਰ੍ਹਾਂ ਅਨੁਵਾਦ ਦੋ ਭਾਸ਼ਾਵਾਂ ਤੇ ਸਭਿਆਚਾਰਾਂ ਵਿਚਾਲੇ ਅਹਿਮ ਪੁਲ ਦਾ ਕੰਮ ਕਰਦਾ ਹੈ।

ਜਰਨੈਲ: ਇਸ ਕੋਰਸ ਦੇ ਦੌਰਾਨ ਤੁਸੀਂ ਆਪ ਕਿਹੋ ਜਿਹਾ ਕੰਮ ਕੀਤਾ ਹੈ?

ਸੁਰਜੀਤ: ਯੂ.ਬੀ.ਸੀ. ਵਿਚ ਦਾਖ਼ਲੇ ਤੋਂ ਪਹਿਲਾਂ ਕੁਝ ਕਹਾਣੀਆਂ ਤੇ ਕਵਿਤਾਵਾਂ ਪੰਜਾਬੀ ਦੇ ਕੁਝ ਮੈਗਜ਼ੀਨਾਂ ਤੇ ਨਵੀਂ ਪੀੜ੍ਹੀ ਦੀਆਂ ਐਨਥਾਲੋਜੀਆਂ ਵਿਚ ਛਪ ਚੁੱਕੀਆਂ ਸਨ। ਕੋਰਸ ਦੇ ਦੌਰਾਨ ਮੌਲਿਕ ਰਚਨਾ ਦੇ ਨਾਲ ਨਾਲ ਪੰਜਾਬੀ

ਲੇਖਕਾਂ ਦੀਆਂ ਰਚਨਾਵਾਂ ਅਨੁਵਾਦ ਕਰਨ ਦਾ ਮੌਕਾ ਮਿਲਿਆ। ਪੰਜਾਬੀ ਸਾਹਿਤ ਨੂੰ ਅੰਗ੍ਰੇਜ਼ੀ ਦੁਨੀਆਂ ਵਿਚ ਪ੍ਰਚਲਿਤ ਕਰਵਾਉਣ ਆਪਣਾ ਮੁੱਖ ਉਦੇਸ਼ ਸਮਝਿਆ ਤੇ ਇਸ ਦਿਸ਼ਾ ਵੱਲ ਪੱਤ੍ਰਿਕਾ ਜਰਨਲ CONTEMPORARY LITERATURE IN TRANSLATION ਦਾ ਪੰਜਾਬੀ ਅੰਕ ਸੀ। ਇਸ ਤੋਂ ਇਲਾਵਾ ਰੋਬਨ ਦੇ ਨਾਲ ਪੰਜਾਬੀ ਕਵਿਤਾ ਦੀ ਐਨਥਾਲੋਜੀ ਤਿਆਰ ਕੀਤੀ ਹੈ ਜਿਸ ਵਿਚ 1900 ਤੋਂ ਲੈਕੇ ਹੁਣ ਤੱਕ ਦੀ ਪੰਜਾਬੀ ਕਵਿਤਾ ਦੀਆਂ ਮੁੱਖ ਧਾਰਾਵਾਂ ਨੂੰ ਪ੍ਰਤੀਨਿਧਤਾ ਦੇਣ ਵਾਲੇ ਕੋਈ 50 ਕਵੀ ਸ਼ਾਮਿਲ ਕੀਤੇ ਹਨ। ਇਨ੍ਹਾਂ ਕਵੀਆਂ ਵਿਚੋਂ ਕੁਝ ਕਵੀ ਭਾਰਤ ਤੋਂ ਬਾਹਰਲੇ ਮੁਲਕਾਂ – ਪਾਕਿਸਤਾਨ, ਇੰਗਲੈਂਡ, ਸਵੀਡਨ, ਕੈਨੇਡਾ, ਤੇ ਅਮਰੀਕਾ ਵਿਚ ਰਹਿਣ ਵਾਲੇ ਹਨ। ਐਨਥਾਲੋਜੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੇ ਅਨੁਵਾਦ ਕ੍ਰਿਏਟਿਵ ਰਾਈਟਿੰਗ ਦੀਆਂ ਵਰਕਸ਼ਾਪਾਂ ਵਿਚ ਅਤੇ ਕਈ ਦੋ-ਭਾਸ਼ੀ ਕਵਿਤਾਪਾਠਾਂ ਵਿਚ ਪੜ੍ਹੇ ਜਾ ਚੁਕੇ ਹਨ। ਕਵਿਤਾ ਤੋਂ ਇਲਾਵਾ ਪੰਜਾਬੀ ਕਹਾਣੀਆਂ ਦੀ ਅਨੁਵਾਦ ਕੀਤੀਆਂ ਹਨ ਜਿਨ੍ਹਾਂ ਵਿਚੋਂ ਕੁਝ CANADIAN FICTION MAGAZINE ਵਿਚ ਛੱਪ ਚੁਕੀਆਂ ਹਨ; ਇਨ੍ਹਾਂ ਅਨੁਵਾਦਿਤ ਕਹਾਣੀਆਂ ਨੂੰ ਛੇਤੀ ਹੀ ਸੰਪਾਦਿਤ ਕਰਕੇ ਪੁਸਤਕ ਤਿਆਰ ਕਰ ਰਹੀ ਹਾਂ। ਰੋਬਨ ਦੇ ਨਾਲ ਮੌਲਿਕ ਰਚਨਾ ਵਿਚ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ ਹਨ। ਕਵਿਤਾਵਾਂ ਦੀ ਇਕ ਪੁਸਤਕ SPEAKING TO THE WINDS ਅੰਗ੍ਰੇਜ਼ੀ ਵਿਚ ਛਪਵਾਉਣ ਦਾ ਯਤਨ ਹੈ।

ਜਰਨੈਲ: ਪੰਜਾਬੀ ਲੇਖਕਾਂ ਦੇ ਜਿਹੜੇ ਤੁਸਾਂ ਅਨੁਵਾਦ ਕੀਤੇ ਹਨ ਉਨ੍ਹਾਂ ਬਾਰੇ ਭਾਰਤ ਵਿਚਲੇ ਪੰਜਾਬੀ ਲੇਖਕਾਂ ਦਾ ਕੀ ਪ੍ਰਤੀਕਰਮ ਮਿਲਿਆ?

ਸੁਰਜੀਤ: ਉਨ੍ਹਾਂ ਦੇ ਪ੍ਰਤੀਕਰਮ ਦਾ ਪਤਾ ਤਾਂ ਐਨਥਾਲੋਜੀ ਛਪਣ ਮਗਰੋਂ ਹੀ ਲੱਗ ਸਕਦਾ ਹੈ ਉਂਜ ਉਨ੍ਹਾਂ ਨੂੰ CLIT ਦਾ ਪੰਜਾਬੀ ਅੰਕ ਮਿਲ ਚੁਕਾ ਹੈ ਤੇ ਉਨ੍ਹਾਂ 'ਚੋਂ ਕਈ ਪ੍ਰਮੁੱਖ ਲੇਖਕਾਂ ਦੇ ਉਤਸ਼ਾਹਜਨਕ ਖ਼ਤ ਵੀ ਪ੍ਰਾਪਤ ਹੋਏ ਹਨ। ਡਾ: ਅਤਰ ਸਿੰਘ ਹੋਰਾਂ ਦਾ ਵਿਚਾਰ ਸੀ ਕਿ ਬਾਹਰਲੇ ਮੁਲਕਾਂ 'ਚ ਪੰਜਾਬੀ ਸਾਹਿਤ ਬਾਰੇ ਹੋ ਰਹੇ ਕੰਮਾਂ ਤੋਂ ਪੰਜਾਬੀ ਜਗਤ ਨੂੰ ਜਾਣੂੰ ਕਰਵਾਇਆ ਜਾਣਾ ਚਾਹੀਦਾ ਹੈ, ਇਸ ਸੰਬੰਧ ਵਿਚ ਉਨ੍ਹਾਂ ਨੇ ਪਿਛਲੇ ਸਾਲ ਜਨਵਰੀ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਕ ਕਵਿਤਾਪਾਠ ਤੇ ਟਾਕ ਦੀ ਕਰਵਾਈ ਜਿਸ ਵਿਚ ਕੁਝ ਅਨੁਵਾਦ ਪੜ੍ਹੇ ਗਏ, ਇਸ ਨਾਲ ਕਾਫ਼ੀ ਉਤਸ਼ਾਹ ਮਿਲਿਆ।

ਜਰਨੈਲ: ਜੋਨ, ਤੁਹਾਡੇ ਵਿਚਾਰ ਵਿਚ ਪੰਜਾਬੀ ਕਵਿਤਾ ਦਾ ਇਥੇ ਕਿਸ ਤਰ੍ਹਾਂ ਦਾ ਪ੍ਰਭਾਵ ਪਿਆ ਹੈ?

ਜੋਨ: ਸਮੁੱਚੇ ਤੌਰ ਤੇ ਪ੍ਰਭਾਵ ਚੰਗਾ ਪਿਆ ਹੈ। ਅਨੁਵਾਦ ਵਰਕਸ਼ਾਪਾਂ ਵਿਚ ਅਸੀਂ ਤੇ ਹੋਰ ਕਈ ਭਾਸ਼ਾਵਾਂ ਦੇ ਵਿਦਿਆਰਥੀਆਂ ਨੇ ਕਈ ਵਾਰ ਪੰਜਾਬੀ ਕਵਿਤਾ ਬਾਰੇ ਵਿਚਾਰ ਵਟਾਂਦਰਾ ਕੀਤਾ। ਕੈਨੇਡਾ ਵਿਚ, ਕ੍ਰਿਏਟਿਵ ਰਾਈਟਿੰਗ ਦੇ ਉਨ੍ਹਾਂ ਲੇਖਕਾਂ ਤੇ ਵਿਦਿਆਰਥੀਆਂ ਅਨੁਸਾਰ, ਪੰਜਾਬੀ ਕਵਿਤਾ ਨੂੰ ਪ੍ਰਚਲਿਤ ਕਰਾਉਣ ਦਾ ਇਹ ਇਕ ਵਿਸ਼ਾਲ ਪੱਧਰ ਤੇ ਬਾਕਾਇਦਾ ਯਤਨ ਹੋਇਆ ਹੈ। ਇਸ ਤੋਂ ਇਲਾਵਾ ਪਿਛਲੇ ਤਿੰਨ ਚਾਰ ਸਾਲਾਂ ਵਿਚ ਸੁਰਜੀਤ ਨੇ ਜਿਹੜੇ ਦੋ-ਭਾਸ਼ੀ ਕਵਿਤਾਪਾਠ ਕਰਵਾਏ ਹਨ ਉਨ੍ਹਾਂ ਰਾਹੀਂ ਪੰਜਾਬੀ ਅਤੇ ਅੰਗ੍ਰੇਜ਼ੀ ਲੇਖਕਾਂ ਨੂੰ ਆਪਸ ਵਿਚ ਵਧੇਰੇ ਨੇੜਿਓਂ ਹੋਕੇ ਇਕ ਦੂਜੇ ਦੇ ਸਾਹਿਤ ਨੂੰ ਸਮਝਣ ਦਾ ਮੌਕਾ ਮਿਲਿਆ ਹੈ।

ਸੁਰਜੀਤ: ਇਸੇ ਪ੍ਰਸੰਗ ਵਿਚ ਮੈਂ ਇਹ ਕਹਿਣਾ ਚਾਹਾਂਗੀ ਕਿ ਜੋਨ ਨੇ ਫ਼੍ਰੈਂਚ ਕਨੇਡੀਅਨ ਲੇਖਕ ਨਿਕੋਲ ਬਰੋਸਾਰ ਦਾ ਜਿਹੜਾ ਨਾਵਲ ਅਨੁਵਾਦ ਕੀਤਾ ਹੈ ਉਹ ਮੇਰੇ ਲਈ ਇਕ ਨਵਾਂ ਅਨੁਭਵ ਸੀ ਇਸੇ ਤਰ੍ਹਾਂ ਹੋਰਨਾਂ ਭਾਸ਼ਾਵਾਂ ਦੇ ਬਹੁਤ ਵਿਲੱਖਣ ਸਾਹਿਤ ਨਾਲ ਜਾਣ-ਪਛਾਣ ਹੋਈ ਹੈ। ਆਪਣੀ ਭਾਸ਼ਾ ਦੇ ਸਾਹਿਤ ਨੂੰ ਹੋਰਨਾਂ ਭਾਸ਼ਾਵਾਂ ਦੇ ਸਾਹਿਤ ਵਿਚਾਲੇ ਰਖ ਕੇ ਪੜ੍ਹਨਾ ਇਕ ਅਨੋਖਾ ਤਜਰਬਾ ਹੈ।

ਜਰਨੈਲ: ਜੋਨ, ਤੁਸੀਂ ਆਪਣੇ ਖੇਤਰ ਤੇ ਇਸ ਨਾਵਲ ਬਾਰੇ ਜ਼ਰਾ ਵਿਸਥਾਰ ਨਾਲ ਦੱਸੋ?

ਜੋਨ: ਮੇਰਾ ਵਿਸ਼ੇਸ਼ ਖੇਤਰ ਫ਼੍ਰੈਂਚ ਵਿਚੋਂ ਅੰਗ੍ਰੇਜ਼ੀ ਵਿਚ ਅਤੇ ਅੰਗ੍ਰੇਜ਼ੀ ਵਿਚੋਂ ਫ਼੍ਰੈਂਚ ਵਿਚ ਅਨੁਵਾਦ ਕਰਨਾ ਹੈ। ਕੁਝ ਦੇਰ ਮੌਂਟਰੀਅਲ ਯੂਨੀਵਰਸਿਟੀ ਵਿਚ ਰਹਿ ਕੇ ਮੌਂਟਰੀਅਲ ਲੋਕਾਂ ਨਾਲ ਉਨ੍ਹਾਂ ਦੀ ਬੋਲੀ ਬੋਲੀ ਹੈ ਅਤੇ ਕੁਝ ਤਜਰਬੇ ਰੂਸੀ 'ਚੋਂ ਅਨੁਵਾਦ ਕਰਕੇ ਵੀ ਕੀਤੇ ਹਨ ਪਰ ਅਨੁਵਾਦ ਲਈ ਮੈਂ ਉਸ ਭਾਸ਼ਾ ਦਾ ਆਪਣਾ ਗਿਆਨ ਸੀਮਤ ਹੀ ਸਮਝਦੀ ਹਾਂ। ਨਿਕੋਲ ਬਰੋਸਾਰ (NICOLE BROSSAR) ਦਾ ਨਾਵਲ FRENCH KISS ਫ਼੍ਰੈਂਚ ਵਿਚੋਂ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਹੈ ਚੇਤਨ ਪ੍ਰਵਾਹ (STREAM OF CONSCIOUSNESS) ਦੀ ਇਹ ਇਕ ਵਿਲੱਖਣ ਲਿਖਤ ਹੈ; ਇਸ ਤੋਂ ਇਲਾਵਾ ਛੇ ਹੋਰ ਫ਼੍ਰੈਂਚ ਕਨੇਡੀਅਨ ਲੇਖਕਾਂ ਦੀਆਂ ਰਚਨਾਵਾਂ ਅਨੁਵਾਦ ਕੀਤੀਆਂ ਹਨ; ਕੁਝ ਇਕ ਨਾਟਕ ਵੀ ਅਨੁਵਾਦ ਕੀਤੇ ਹਨ। ਮਾਈਕਲ ਬੁੱਲਕ ਦਾ ਪਰਾਯਥਾਰਥਵਾਦੀ ਨਾਵਲ RANDOLPH CRANSTONE AND THE PURSUING RIVER, ਜਿਸਨੂੰ ਸੁਰਜੀਤ ਪੰਜਾਬੀ ਵਿਚ ਅਨੁਵਾਦ ਕਰ ਰਹੀ ਹੈ, ਮੈਂ ਫ਼੍ਰੈਂਚ ਵਿਚ ਅਨੁਵਾਦ ਕਰ ਰਹੀ ਹਾਂ। ਵੈਨਕੂਵਰ ਤੋਂ ਨਿਕਲਦੇ ਇਕ ਪਰਚੇ A ROOM OF HIS OWN ਵਾਸਤੇ ਕੁਝ ਅਨੁਵਾਦ ਕੀਤੇ ਹਨ ਇਹ ਖ਼ਾਸ ਕਰਕੇ ਚੇਤਨ ਪ੍ਰਵਾਹ ਦੀਆਂ ਲਿਖਤਾਂ ਹੀ ਹਨ ਜਿਨ੍ਹਾਂ ਰਾਹੀਂ ਫ਼੍ਰੈਂਚ-ਕਨੇਡੀਅਨ ਸਾਹਿਤ ਦਾ ਪ੍ਰੀਚੈ ਅੰਗ੍ਰੇਜ਼ੀ-ਕਨੇਡੀਅਨ ਸਾਹਿਤ ਨਾਲ ਕਰਾਉਣ ਦਾ ਯਤਨ ਹਨ। ਟੀ.ਵੀ. ਲਈ

ਸੱਠ ਮਿੰਟ ਦੇ ਇਕ ਨਾਟਕ ਤੋਂ ਬਿਨਾਂ ਕੁਝ ਮੌਲਿਕ ਕਹਾਣੀਆਂ ਵੀ ਲਿਖੀਆਂ ਹਨ। ਪਰ ਮੇਰਾ ਅਸਲੀ ਖੇਤਰ ਅਨੁਵਾਦ ਹੀ ਹੈ ਤੇ ਖਾਸ ਕਰਕੇ ਇਸਤ੍ਰੀ ਲਿਖਤਾਂ। ਭਾਵੇਂ ਮੈਂ ਕੁਝ ਸਾਇੰਸ ਤੇ ਤਕਨਾਲੋਜੀ ਦੀਆਂ ਪੁਸਤਕਾਂ ਦੀ ਅਨੁਵਾਦ ਕੀਤੀਆਂ ਹਨ — ਇਨ੍ਹਾਂ ਵਿਚ ਪੰਜ ਛੇ ਮਿਲ ਜਾਂਦੇ ਹਨ — ਪਰ ਮੇਰੀ ਮੁੱਖ ਰੁਚੀ ਵਧੇਰੇ ਕਰਕੇ ਸਾਹਿਤਕ ਅਨੁਵਾਦ ਵਲ ਰਹੀ ਹੈ।

ਜਰਨੈਲ: ਤੁਸੀਂ ਸਿਰਫ਼ ਇਸਤ੍ਰੀ ਲਿਖਤਾਂ ਹੀ ਅਨੁਵਾਦ ਕਰਨਾ ਚਾਹੁੰਦੇ ਹੋ ਅਜਿਹਾ ਕਿਉਂ?

ਜੋਜ਼ੇ: ਮੈਂ ਜੋ ਲਿਖਤਾਂ ਅਨੁਵਾਦ ਕਰਨੀ ਚਾਹੁੰਦੀ ਹਾਂ ਉਹ ਵਧੇਰੇ ਕਰਕੇ ਚੇਤਨ-ਪਰਵਾਹ ਅਨੁਭਵ ਦੀਆਂ ਰਚਨਾਵਾਂ ਹੁੰਦੀਆਂ ਹਨ; ਮੈਂ ਸਮਝਦੀ ਹਾਂ ਔਰਤ ਹੋਣ ਦੇ ਨਾਤੇ ਮੈਂ ਔਰਤ ਦੇ ਮਨ ਚੇਤਨ ਪਰਵਾਹ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੀ ਹਾਂ ਤੇ ਇਸ ਤਰ੍ਹਾਂ ਅਨੁਵਾਦ ਕਰਨਾ ਆਸਾਨ ਹੋ ਜਾਂਦਾ ਹੈ ਇਹ ਠੀਕ ਹੈ ਕਿ ਜੇ ਮੈਂ ਆਪਣਾ ਧਿਆਨ ਇਸਤ੍ਰੀ ਲਿਖਤਾਂ ਤਕ ਹੀ ਸੀਮਤ ਕਰ ਦੇਵਾਂ ਤਾਂ ਸ਼ਾਇਦ ਘਾਟਾ ਪੈਂਦਾ ਹੋ ਸਕਦਾ ਹੈ। ਜੇ ਕਦੇ ਮੈਂ ਮਰਦ ਸਾਹਿਤਕਾਰਾਂ ਦੀਆਂ ਲਿਖਤਾਂ ਅਨੁਵਾਦ ਕਰਨੀ ਚਾਹੁੰਦੀ ਹਾਂ ਤਾਂ ਇਸ ਗੱਲ ਦਾ ਧਿਆਨ ਰੱਖਦੀ ਹਾਂ ਕਿ ਇਹ ਚੇਤਨਾ-ਪਰਵਾਹ ਦੀਆਂ ਨਾ ਹੋਣ।

ਜਰਨੈਲ: ਵੱਖ ਵੱਖ ਭਾਸ਼ਾਵਾਂ ਦੇ ਲੇਖਕਾਂ ਤੇ ਅਨੁਵਾਦਕਾਂ ਦਾ ਆਪਸੀ ਵਿਚਾਰ ਵਟਾਂਦਰਾ ਕਰਨ ਲਈ ਮਿਲ ਬੈਠਣਾ ਬਹੁਤ ਲਾਭਦਾਇਕ ਸਿੱਧ ਹੋ ਸਕਦਾ ਹੈ। ਇਸ ਪੱਖ ਤੋਂ ਸਾਹਿਤਕ ਮਿਲਣੀਆਂ ਵਿਚ ਹੁਣ ਤੱਕ ਕਿਹੜੇ ਕੁ ਲੇਖਕ ਭਾਗ ਲੈ ਚੁੱਕੇ ਹਨ? ਕੀ ਨਿਕਟ ਭਵਿੱਖ ਵਿਚ ਅਜੇਹੀ ਕੋਈ ਸਾਹਿਤਕ-ਸ਼ਾਮ ਕਰਵਾ ਰਹੇ ਜੇ?

ਸੁਰਜੀਤ: ਹੁਣ ਤੱਕ ਇਨ੍ਹਾਂ ਸਾਹਿਤਕ ਸ਼ਾਮਾਂ ਵਿਚ ਡਾ: ਹਰਿਭਜਨ ਸਿੰਘ, ਪ੍ਰੋ: ਮਾਈਕਲ ਬੁੱਲਰ, [illegible], ਰਵਿੰਦਰ ਰਵੀ, [illegible], ਗੁਰਚਰਨ ਰਾਮਪੁਰੀ, ਐਸ. ਐਸ. ਮੀਸ਼ਾ, [illegible] ਤੇ ਕੁਝ ਹੋਰ ਕਵੀ ਆਪਣੀਆਂ ਰਚਨਾਵਾਂ ਪੜ੍ਹ ਚੁੱਕੇ ਹਨ; ਇਨ੍ਹਾਂ ਤੋਂ ਇਲਾਵਾ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੇ ਕਈ ਲੇਖਕ, ਅੰਗ੍ਰੇਜ਼ੀ ਤੇ ਹੋਰ ਕਈ ਭਾਸ਼ਾਵਾਂ ਦੇ ਲੇਖਕ ਤੇ ਵਿਦਿਆਰਥੀ ਇਨ੍ਹਾਂ ਸਾਹਿਤਕ ਸ਼ਾਮਾਂ ਵਿਚ ਸ਼ਾਮਲ ਹੋਏ। ਅੱਜ ਕੱਲ ਬੀ. ਸੀ. ਦੇ ਅੰਗ੍ਰੇਜ਼ੀ ਕਵੀਆਂ ਦੀ ਕਵਿਤਾ ਦਾ ਪੰਜਾਬੀ ਅਨੁਵਾਦ ਕਰ ਰਹੇ ਹਾਂ ਤੇ ਨਿਕਟ ਭਵਿੱਖ ਵਿਚ ਇਨ੍ਹਾਂ 'ਚੋਂ ਹੀ ਕਿਸੇ ਦੀ ਕਵਿਤਾ 'ਤੇ ਸ਼ਾਮ ਮਨਾਉਣ ਦਾ ਵਿਚਾਰ ਹੈ।

ਜੋਜ਼ੇ: ਮੇਰਾ ਖ਼ਿਆਲ ਹੈ ਅਜਿਹੀਆਂ ਸਾਹਿਤਕ ਸ਼ਾਮਾਂ ਦਾ ਪ੍ਰਬੰਧ ਯੂਨੀਵਰਸਿਟੀਆਂ ਵਲੋਂ, ਖ਼ਾਸ ਕਰਕੇ ਯੂ. ਬੀ. ਸੀ. ਵਲੋਂ, ਜਾਂ ਸਾਹਿਤਕ ਐਸੋਸੀਏਸ਼ਨਾਂ ਵਲੋਂ ਵੀ ਕਰਵਾਇਆ ਜਾਵੇ ਤਾਂ ਹੋਰ ਵੀ ਚੰਗਾ ਹੈ।

ਜਰਨੈਲ: ਇਸ ਖੇਤਰ ਵਿਚ ਤੁਸਾਂ ਕੋਈ ਸਾਂਝੀ ਯੋਜਨਾ ਵੀ ਬਣਾਈ ਹੈ?

ਜੋਜ਼ੇ: ਹਾਂ ਬਣਾਈ ਹੈ। ਪੰਜਾਬੀ ਦੀਆਂ ਕੁਝ ਰਚਨਾਵਾਂ ਖ਼ਾਸ ਕਰਕੇ ਕਹਾਣੀਆਂ ਨੂੰ ਅੰਗ੍ਰੇਜ਼ੀ 'ਚੋਂ ਫਰੈਂਚ ਵਿਚ ਅਨੁਵਾਦ ਕਰਨ ਦੀ ਸਾਂਝੀ ਯੋਜਨਾ ਹੈ। ਪਿਛਲੇ ਕੁਝ ਸਾਲਾਂ 'ਚ ਵੈਨਕੂਵਰ ਵਿਚ ਰਹਿੰਦਿਆਂ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਮਝਣ ਵਿਚ ਬਹੁਤ ਮਦਦ ਮਿਲੀ ਹੈ; ਇਸ ਲਈ ਮੈਂ ਮਹਿਸੂਸ ਕੀਤਾ ਹੈ ਕਿ ਸੁਰਜੀਤ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਦਾ ਫਰੈਂਚ ਲੋਕਾਂ ਨਾਲ ਪਰੀਚਯ ਕਿਉਂ ਨਾ ਕਰਵਾਇਆ ਜਾਵੇ?


**NOW—A LIFE INSURANCE POLICY THAT GUARANTEES EVERY CENT OF YOUR MONEY BACK**

SAVE MORE INCOME TAX THROUGH R.R.S.P.

***anytime you ask — after premiums have been paid and the policy has been in force for two years.***

*We also provide various other forms of insurance, such as:*

* Investment plans
* Mortgage Insurance
* Children's Educational Plans
* Accident & Sickness policy
* Registered Retirement Savings plans
* Travel insurance
* Annuity Plans, etc., etc.

Office

273-2961



RUPINDER AZAD M.A.
Unit Supervisor
325-0774

**SEABOARD LIFE INSURANCE COMPANY**

202 - 4640 No. 3 rd. Richmond, B.C.



ਸੰਤ ਰਾਮ ਉਦਾਸੀ

"ਬਾਵਾ ਬਲਵੰਤ ਇਨਾਮ" ਦਾ
ਪਹਿਲਾ ਪਰਾਪਤ-ਕਰਤਾ

# ਸੰਤ ਰਾਮ ਉਦਾਸੀ

ਗੁਰਬਚਨ ਸਿੰਘ ਭੁੱਲਰ

(ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਨੇ ਪਹਿਲੇ 'ਬਾਵਾ ਬਲਵੰਤ ਇਨਾਮ' ਲਈ ਪੰਜਾਬੀ ਦੇ ਇੰਨ-ਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਚੁਣਿਆ ਹੈ। ਪੰਜਾਬੀ ਦੇ ਅਣਗਿਣਤ ਪਾਠਕਾਂ ਤੇ ਸ੍ਰੋਤਿਆਂ ਜਿਹਨਾਂ ਨੇ ਉਦਾਸੀ ਨੂੰ ਪੜ੍ਹਿਆ ਸੁਣਿਆ ਤੇ ਮਾਣਿਆ ਹੈ, ਉਹਨਾਂ ਲਈ ਉਦਾਸੀ ਪਹਿਲਾਂ ਹੀ ਸਿਰਤਾਜ ਪੰਜਾਬੀ ਕਵੀ ਹੈ। ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਲੋਕਾਂ ਦੀ ਚੋਣ ਵਿਚ ਸ਼ਾਮਿਲ ਹੋਣ ਲਈ ਤੇ 'ਬਾਵਾ ਬਲਵੰਤ ਇਨਾਮ' ਲਈ ਉਦਾਸੀ ਨੂੰ ਚੁਣਨ ਕਰ ਕੇ ਵਧਾਈ ਦਾ ਹੱਕਦਾਰ ਹੈ। 'ਵਤਨੋਂ ਦੂਰ' ਰਾਹੀਂ ਅਸੀਂ ਹਰ ਬਾਹਰ ਵਸਦੇ ਪੰਜਾਬੀ ਵਲੋਂ ਉਦਾਸੀ ਨੂੰ ਵਧਾਈ ਭੇਜਦੇ ਹਾਂ — ਸੰਪਾਦਕ)

ਉਸ ਦਿਨ ਬਰਨਾਲੇ ਇਕ ਸਾਹਿਤਕ ਇਕੱਠ ਸੀ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਰਾਮ ਸਰੂਪ ਅਣਖੀ ਅਤੇ ਮੈਂ ਹੱਥ-ਰਿਕਸ਼ੇ ਵਿਚ ਬੈਠੇ ਕਿਸੇ ਕੰਮ ਜਾ ਰਹੇ ਸੀ। ਬਾਜ਼ਾਰ ਵਿਚ ਦੁਕਾਨਾਂ ਉਤੋਂ, ਸਜਿਉਂ, ਖਬਿਉਂ, ਹਰ ਪਾਸਿਉਂ ਆਵਾਜ਼ਾਂ ਆਉਣ ਲਗੀਆਂ : "ਅਣਖੀ ਜੀ, ਸੁਣਿਐਂ ਉਦਾਸੀ ਨੇ ਬੋਲਣੈਂ ?...ਉਦਾਸੀ ਕਦੋਂ ਲਗੂ ?...ਉਦਾਸੀ ਆਇਆ ਹੋਇਐ ?..." ਮੈਂ ਉਦਾਸੀ ਨੂੰ ਦਸ-ਬਾਰਾਂ ਸਾਲ ਪਹਿਲਾਂ ਇਕ ਸਕੂਲ ਵਿਚ, ਜਿਥੇ ਮੈਂ ਪੜ੍ਹਾਉਂਦਾ ਸੀ, ਇਕ ਵਖਰੀ ਕਿਸਮ ਦੀ ਅਣ-ਸਾਹਿਤਕ ਜਿਹੀ ਸਟੇਜ ਤੋਂ ਸੁਣਿਆ ਹੋਇਆ ਸੀ। ਉਸ ਪਿਛੋਂ ਮੈਂ ਉਸ ਬਾਰੇ ਖ਼ਬਰਾਂ ਅਤੇ ਉਹਦੀਆਂ ਕੁਝ ਕਵਿਤਾਵਾਂ ਇਧਰੋਂ-ਉਧਰੋਂ ਪੜ੍ਹੀਆਂ ਸਨ। ਮੇਰੀ ਹੈਰਾਨੀ ਦੇਖ ਕੇ ਅਣਖੀ ਨੇ ਦਸਿਆ, "ਲੋਕ ਉਦਾਸੀ ਨੂੰ ਬਹੁਤ ਪਸੰਦ ਕਰਦੇ ਨੇ। ਜਿਥੇ ਜਾਵੇ, ਇਹੋ ਹਾਲ ਹੁੰਦੈ।"

ਥੋੜ੍ਹੇ ਮਹੀਨਿਆਂ ਮਗਰੋਂ ਮਾਨਸਾ ਵਿਖੇ ਇਕ ਸਾਹਿਤਕ ਪੇਪਰ ਪੜ੍ਹਿਆ ਜਾ ਰਿਹਾ ਸੀ। ਇਕ ਹਾਈ ਸਕੂਲ ਦੇ ਖੁੱਲ੍ਹੇ ਹਾਲ ਵਿਚ ਗਿਣਤੀ ਦੇ "ਸਾਹਿਤਕਾਰ ਅਤੇ ਸਾਹਿਤਰਸੀਏ" ਬੈਠੇ ਹੋਏ ਸਨ। ਬਾਹਰ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਸੀ, ਪਰ ਉਹ ਸਟੇਜ ਸਕੱਤਰ ਦੇ ਕਹਿਣ ਦੇ ਬਾਵਜੂਦ ਵੀ ਅੰਦਰ ਨਾ ਹੀ ਆਏ। ਪੇਪਰ ਮਗਰੋਂ ਅਤੇ ਬਹਿਸ ਤੋਂ ਪਹਿਲਾਂ ਕੁਝ ਸੱਜਰਾਪਣ ਲਿਆਉਣ ਵਾਸਤੇ ਉਦਾਸੀ ਨੂੰ ਕੁਝ ਸੁਣਾਉਣ ਲਈ ਕਿਹਾ ਗਿਆ। ਕੋਈ ਨਖ਼ਰਾ ਕੀਤੇ ਬਿਨਾਂ ਸਟੇਜ ਉਤੇ ਆ ਕੇ ਜਦੋਂ ਉਹਨੇ ਹੇਕ ਕੱਢੀ, ਲੋਕ ਹਾਲ ਦੇ ਅਨੇਕਾਂ ਦਰਵਾਜ਼ਿਆਂ ਵਿਚੋਂ ਦੀ ਤਾਂ ਅੰਦਰ ਆ ਹੀ ਰਹੇ ਸਨ, ਬਹੁਤੇ ਕਾਹਲੇ ਖਿੜਕੀਆਂ ਵਿਚੋਂ ਦੀ ਛਾਲਾਂ ਮਾਰਦੇ ਆ ਗਏ। ਹਾਲ ਅੱਖ-ਪਲਕਾਰੇ ਵਿਚ ਖਚਾਖਚ ਭਰ ਗਿਆ। ਉਦਾਸੀ ਨੇ ਆਪਣੀਆਂ ਕੁਝ ਰਚਨਾਵਾਂ ਸੁਣਾਈਆਂ। ਬੈਠੇ ਅਤੇ ਖੜੇ, ਸਭ ਲੋਕ ਜਿਵੇਂ ਕੀਲੇ ਹੋਏ ਸੁਣ ਰਹੇ ਸਨ। ਉਦਾਸੀ ਸਟੇਜ ਤੋਂ ਉਤਰਿਆ ਅਤੇ ਲੋਕ ਹਾਲ ਵਿਚੋਂ ਉਸੇ ਹੀ ਕਾਹਲੀ ਨਾਲ ਇਹ ਪੁੱਛਦੇ ਹੋਏ ਨਿਕਲ ਗਏ ਕਿ ਉਦਾਸੀ ਵਾਲਾ "ਕਵੀ-ਦਰਬਾਰ ਰਾਤ ਨੂੰ ਕਿੰਨੇ ਬਜੇ ਸ਼ੁਰੂ ਹੋਵੇਗਾ ?"

ਦਸ-ਬਾਰਾਂ ਸਾਲ ਪਹਿਲਾਂ ਦੀ ਇਕ ਸੀਮਤ ਅਣ-ਸਾਹਿਤਕ ਸਟੇਜ ਤੋਂ ਲੈ ਕੇ ਵਿਸ਼ਾਲ ਸਾਹਿਤਕ ਲੋਕ-ਸਟੇਜ ਤੱਕ ਉਦਾਸੀ ਨੇ ਬੜਾ ਲੰਮਾ ਅਤੇ ਬੜਾ ਬਿਖੜਾ ਪੰਧ ਮਾਰਿਆ ਹੈ। ਉਹਨੇ ਡਾਢੀ ਤੰਗੀ-ਤੁਰਸ਼ੀ ਦਾ ਜੀਵਨ ਜੀਵਿਆ ਹੈ। ਉਹਨੇ ਆਲੇ-ਦੁਆਲੇ ਵਸਦੇ ਕੰਮੀ-ਕਾਮਿਆਂ ਅਤੇ ਛੋਟੇ ਕਿਸਾਨਾਂ ਦੀ ਜ਼ਿੰਦਗੀ ਦਾ ਜ਼ਹਿਰ ਸ਼ਿਵਜੀ ਵਾਂਗ ਇਉਂ ਡੀਕ ਲਾ ਕੇ ਪੀਤਾ ਹੈ ਕਿ ਉਹਨੂੰ ਕਾਫ਼ੀ ਹਾਊਸ ਵਿਚ ਬੈਠ ਕੇ ਗਰਮ ਪਿਆਲੇ ਵਿਚੋਂ ਉਠਦੀ ਭਾਫ਼ ਦੇਖਦਿਆਂ ਚਿਮਨੀ ਦੇ ਧੂੰਏਂ ਵਿਚ ਰਲੀਆਂ ਮਜ਼ਦੂਰਾਂ ਦੀਆਂ ਆਹਾਂ ਦੀ ਕਲਪਨਾ ਨਹੀਂ ਕਰਨੀ ਪਈ। ਤੇ ਉਹਨੂੰ ਜਮਾਤੀ ਵਿਰੋਧ ਅਤੇ ਜਮਾਤੀ ਘੋਲ ਬਾਰੇ ਸਿੱਖਿਆ ਵੀ ਕਿਸੇ ਕਿਤਾਬ ਵਿਚੋਂ ਨਹੀਂ ਲੈਣੀ ਪਈ — ਜਦੋਂ ਉਹਦੇ ਸਿਰ ਨੂੰ ਡੰਡਿਆਂ ਦੀ ਲਗਾਤਾਰ ਠੱਕ-ਠਕ ਨਾਲ ਭੰਨਿਆ ਗਿਆ, ਸਰੀਰ ਦਾ ਲਹੂ ਇਕ ਪਾਸੇ ਇਕੱਠਾ ਕਰਨ ਲਈ ਘੋਟਣੇ ਨਾਲ ਰੋਟੀ ਦੇ ਪੇੜੇ ਵਾਂਗ ਵੇਲਿਆ ਗਿਆ, ਕੁਰਸੀ ਲਾ ਕੇ ਉਹਦੇ ਚੱਡੇ ਪਾੜੇ ਗਏ, ਹੱਡੀਆਂ ਦੇ ਜੋੜ ਕੁੱਟੇ ਗਏ ਅਤੇ ਉਹਦੇ ਗੁਪਤ ਅੰਗਾਂ ਨੂੰ ਤਸੀਹੇ ਦਿਤੇ ਗਏ, ਤਾਂ ਇਸ ਸਮਾਜ ਵਿਚ ਆਪਣੀ

ਜਮਾਤ ਦੀ ਸਥਿਤੀ ਉਜਾਗਰ ਹੋਣ ਦੇ ਨਾਲ ਨਾਲ ਵਿਰੋਧੀ, ਕਾਬਜ਼ ਜਮਾਤ ਦਾ ਭਿਅੰਕਰ ਚਿਹਰਾ ਵੀ ਉਸ ਸਾਹਮਣੇ ਬੇਨਕਾਬ ਹੋ ਗਿਆ ਅਤੇ ਜਮਾਤੀ ਵਿਰੋਧਾਂ ਦੀ ਤੀਖਣਤਾ ਤੇ ਜਮਾਤੀ ਘੋਲ ਦੀ ਲੋੜ ਤੇ ਕਰੜਾਈ ਵੀ ਉਸ ਸਾਹਮਣੇ ਸਪੱਸ਼ਟ ਹੋ ਗਈਆਂ ।

ਉਦਾਸੀ, ਲੋਕਾਂ ਦਾ ਜਾਇਆ ਲੋਕ-ਕਵੀ ਹੈ । ਉਹਦੀ ਹਰਮਨ-ਪਿਆਰਤਾ ਦਾ ਆਧਾਰ ਨਾ ਤਾਂ "ਚਿਉਂਦੇ ਚਿਉਂਦੇ" ਗੀਤ ਹਨ ਅਤੇ ਨਾ ਹੀ ਅੰਧਵਿਸ਼ਵਾਸੀਆਂ ਨੂੰ ਦਿਤੀਆਂ ਲੋਰੀਆਂ ਵਰਗੇ ਧਾਰਮਿਕ ਗੀਤ । ਉਹ ਲੋਕਾਂ ਦੇ ਦੁਖ-ਗਮ ਤੇ ਕਸ਼ਟ-ਕਲੇਸ਼ ਦਾ ਅਤੇ ਉਨ੍ਹਾਂ ਦੀ ਹੋਣੀ ਦਾ ਜ਼ਿਕਰ ਉਨ੍ਹਾਂ ਦੀ ਆਪਣੀ ਜ਼ਬਾਨ ਵਿਚ ਕਰਦਾ ਹੈ, ਪਰ ਪ੍ਰਚਾਰ ਦੇ ਪੱਧਰ ਤੱਕ ਤਿਲ੍ਹਕਣੋਂ ਬਚ ਰਹਿੰਦਾ ਹੈ । ਉਹਦੀਆਂ ਰਚਨਾਵਾਂ ਨੂੰ ਅਨਪੜ੍ਹ ਮਜ਼ਦੂਰ-ਕਿਸਾਨ ਅਤੇ ਪੜ੍ਹੇ-ਲਿਖੇ ਸਾਹਿਤਰਸੀਏ ਇਕੋ ਜਿੰਨਾ ਮਾਣਦੇ ਹਨ । ਤੇ ਸੋਨੇ ਉਤੇ ਸੁਹਾਗੇ ਦਾ ਕੰਮ ਉਹਦੀ ਗੂੰਜਦੀ, ਗਜਦੀ ਤੇ ਮਨਾਂ ਨੂੰ ਮੋਂਹਦੀ ਆਵਾਜ਼ ਦਿੰਦੀ ਹੈ । ਇਹੋ ਕਾਰਨ ਹੈ ਕਿ ਜਿਥੇ ਸਾਡੇ "ਮੂਹਰਲੀ ਪਾਲ ਦੇ" ਕਵੀਆਂ ਦਾ ਕਾਵਿ-ਸੰਗ੍ਰਹਿ ਛੇ ਸੌ ਦੀ ਗਿਣਤੀ ਵਿਚ ਛਪ ਕੇ ਛੇ ਛੇ ਸਾਲ ਨਹੀਂ ਵਿਕਦਾ, ਉਹਦੀਆਂ ਕਵਿਤਾਵਾਂ ਦੇ ਕਈ ਕਈ ਐਡੀਸ਼ਨ ਲੋਕਾਂ ਨੇ ਹੱਥੋ-ਹੱਥ ਚੁੱਕ ਲਏ ਹਨ । ਤੇ ਜਦੋਂ ਇਹ ਦੇਖਿਆ ਜਾਵੇ ਕਿ ਉਸ ਕੋਲ ਆਪਣੀ "ਇਸ਼ਤਿਹਾਰਬਾਜ਼ੀ" ਦੇ ਸਾਧਨ ਵੀ ਨਹੀਂ ਅਤੇ ਸ਼ਾਇਦ ਉਹਨੂੰ ਇਸ ਸੰਬੰਧੀ ਜਾਚ ਵੀ ਨਹੀਂ ਜਾਂ ਸ਼ਾਇਦ ਲੋੜ ਵੀ ਨਹੀਂ, ਤਾਂ ਉਹਦੀਆਂ ਕਵਿਤਾਵਾਂ ਦਾ ਏਨੀ ਵਡੀ ਗਿਣਤੀ ਵਿਚ ਛਪਣਾ ਉਹਦੀ ਕਲਾ ਦੇ ਲੋਕ-ਹਿਤ ਦਾ ਪ੍ਰਮਾਣ ਹੀ ਹੈ । ਹੋਰ ਤਾਂ ਹੋਰ, ਰਸਾਲਿਆਂ ਨੂੰ ਰਚਨਾਵਾਂ ਭੇਜਣ ਲਈ ਡਾਕ-ਟਿਕਟ ਖ਼ਰੀਦਣਾ ਵੀ ਕਈ ਵਾਰ ਉਹਦੇ ਵਸੋਂ ਬਾਹਰ ਹੁੰਦਾ ਹੈ ।

ਉਦਾਸੀ ਦਾ ਜਨਮ ਬਰਨਾਲਾ ਤਹਿਸੀਲ ਦੇ ਇਕ ਸਾਧਾਰਨ ਜਿਹੇ ਪਿੰਡ ਰਾਇਸਰ ਵਿਚ ਇਕ ਬਹੁਤ ਗਰੀਬ ਕਿਰਤੀ ਪਰਵਾਰ ਵਿਚ ਹੋਇਆ । ਕਿੱਤੇ ਦੇ ਪਖੋਂ ਉਹ ਅਧਿਆਪਕ ਹੈ । ਘਰ ਦੀ ਭੈੜੀ ਹਾਲਤ, ਆਲੇ-ਦੁਆਲੇ ਦੇ ਮਜ਼ਦੂਰ-ਕਿਸਾਨਾਂ ਦੀ ਮੰਦਹਾਲੀ ਅਤੇ ਸਮਾਜ ਦੀ ਅਧੋਗਤੀ ਨੇ ਉਹਦੀ ਕਲਮ ਦੀ ਨੋਕ ਤਿੱਖੀ ਕੀਤੀ । ਘਰ ਦੀ ਹਾਲਤ ਵਾਂਗ ਭਰ-ਜਵਾਨੀ ਦੀ ਉਮਰੇ ਹੀ ਉਹਦੀ ਸਰੀਰਕ ਹਾਲਤ ਵੀ ਭੈੜੀ ਹੋ ਗਈ ਹੈ । ਵਾਰ ਵਾਰ ਦਿਤੇ ਗਏ ਸਰੀਰਕ ਅਤੇ ਮਾਨਸਿਕ ਤਸੀਹਿਆਂ ਕਾਰਨ, ਜੋ ਉਹਦੇ ਆਪਣੇ ਸ਼ਬਦਾਂ ਅਨੁਸਾਰ ਉਸ ਕੋਲੋਂ "ਮੇਰੀ ਕਲਮ ਅਤੇ ਆਵਾਜ਼ ਖੋਹ ਲੈਣ" ਲਈ ਦਿਤੇ ਗਏ, ਉਹਦਾ ਸਰੀਰ ਇਲਾਜੋਂ ਪਰ੍ਹੇ ਦੀ ਹੱਦ ਤੱਕ ਨੁਕਸਾਨਿਆ ਗਿਆ ਹੈ । ਉਹਦੇ ਭੰਨੇ ਹੋਏ ਸਿਰ ਦਾ ਇਲਾਜ ਮੈਡੀਕਲ ਇੰਸਟੀਚਿਊਟ ਵਿਚ ਵੀ ਨਹੀਂ ਹੋ ਸਕਿਆ ਅਤੇ ਸਿਰ ਦੀ ਕੁੱਟ ਕਾਰਨ ਉਹਦੀ ਇਕ ਅੱਖ ਦੀ ਨਜ਼ਰ ਲਾਇਲਾਜ ਹੋ ਕੇ ਜਾਂਦੀ ਰਹੀ ਹੈ ਤੇ ਦੂਜੀ ਦੀ ਘਟ ਗਈ ਹੈ । ਤੇ ਜਦੋਂ ਰੁਮਾਂਚਿਕ ਕਵੀਆਂ ਲਈ ਇਸ਼ਕ ਦੇ ਗੀਤਾਂ ਦੀ ਪ੍ਰੇਰਨਾ ਦੇਣ ਵਾਲੀ ਪੁਰੇ ਦੀ 'ਵਾ ਵਗਦੀ ਹੈ, ਉਹਦੇ ਸਰੀਰ ਦਾ ਜੋੜ ਜੋੜ ਪੁਰਾਣੀਆਂ ਕੁੱਟਾਂ ਕਾਰਨ ਬਹੁੜੀਆਂ ਪਾ ਉਠਦਾ ਹੈ ।

ਉਦਾਸੀ ਸਾਹਿਤ ਉਤੇ ਰਾਜਨੀਤਕ ਪ੍ਰਭਾਵ ਦੇ ਪੂਰੀ ਤਰ੍ਹਾਂ ਹੱਕ ਵਿਚ ਹੈ । ਉਸ ਅਨੁਸਾਰ "ਜਿਥੇ ਹਰ ਗੱਲ ਸਿਆਸਤ ਵਿਚ ਹੋਵੇ, ਉਥੇ ਸਾਹਿਤ ਸਿਆਸਤ ਤੋਂ ਮੁਕਤ ਕਿਵੇਂ ਹੋ ਸਕਦਾ ਹੈ ? ਜੋ ਸਾਹਿਤਕਾਰ ਸਿਆਸਤ ਤੋਂ ਬਚਣਾ ਚਾਹੁੰਦਾ ਹੈ, ਉਹ ਸਰਮਾਏਦਾਰੀ ਦਾ ਪੂਰਾ ਹੱਥ-ਠੋਕਾ ਹੈ ।" ਇਸੇ ਚੇਤਨਾ ਸਦਕਾ ਉਹਦੇ ਗੀਤ ਜਲਸਿਆਂ ਤੇ ਜਲੂਸਾਂ ਵਿਚ ਗੂੰਜਦੇ ਹਨ, ਮੁਜ਼ਾਹਰਿਆਂ ਤੇ ਹੜਤਾਲਾਂ ਵਿਚ ਗਜਦੇ ਹਨ ਅਤੇ ਸਾਹਿਤਕ ਸਮਾਗਮਾਂ ਤੇ ਕਵੀ ਦਰਬਾਰਾਂ ਦੀ ਸ਼ਾਨ ਵੀ ਬਣਦੇ ਹਨ ।

ਪੰਜ ਸਾਲ ਪਹਿਲਾਂ ਸੀ. ਮਾਰਕੰਡਾ ਨੂੰ ਦਿਤੇ ਇਕ ਇੰਟਰਵਿਊ ਵਿਚ, ਜੋ ਉਹਦੇ ਕਾਵਿ ਸੰਗ੍ਰਹਿ "ਲਹੂ ਭਿੱਜੇ ਬੋਲ" ਵਿਚ ਛਪਿਆ ਹੈ, ਬਾਵਾ ਬਲਵੰਤ ਦੀਆਂ ਸਤਰਾਂ

ਸਮੇਂ ਦਾ ਘੋਲ ਦੇਵੇ ਆਦਮੀ ਨੂੰ ਜਾਗ੍ਰਿਤਿ ਐਸੀ,<br>ਨਹੀਂ ਇਹ ਚੇਤਨਾ ਮਿਲਦੀ ਕਿਤਾਬਾਂ ਦੇ ਸਹਾਰੇ 'ਤੇ

ਦੇ ਹਵਾਲੇ ਨਾਲ ਉਹ ਆਖਦਾ ਹੈ ਕਿ "ਘੋਲ ਤੋਂ ਬਿਨਾਂ ਮੈਂ ਸਾਹਿਤ ਨੂੰ ਸੋਫ਼ੇ-ਮਾਰਕਾ ਸਾਹਿਤ ਹੀ ਸਮਝਦਾ ਹਾਂ, ਜੋ ਇਕ ਨਿਗੂਣੀ ਚੁੰਝ-ਚਰਚਾ ਹੀ ਬਣ ਕੇ ਰਹਿ ਜਾਂਦਾ ਹੈ । ...ਬਾਵਾ ਬਲਵੰਤ ਉਸਾਰੂ ਘੋਲਾਂ ਦੀ ਦੇਣ ਸਨ । ਕਿਸਾਨ ਮੋਰਚੇ ਵਿਚ ਉਨ੍ਹਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਮਜ਼ਦੂਰ ਘੋਲਾਂ ਨਾਲ ਉਹ ਇਕਮਿਕ ਰਹੇ ।" ਘੋਲਾਂ ਦੀ ਦੇਣ, ਅਣਖੀ ਕਵੀ ਬਾਵਾ ਬਲਵੰਤ ਦੇ ਨਾਂ ਉਤੇ ਸਥਾਪਤ ਕੀਤੇ ਗਏ ਇਨਾਮ ਦਾ ਪਹਿਲਾ ਹੱਕਦਾਰ ਭਲਾ ਸੰਤ ਰਾਮ ਉਦਾਸੀ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਸੀ ? ਜੋੜ-ਤੋੜਾਂ ਨਾਲ ਮਿਲਣ ਵਾਲੇ ਇਨਾਮਾਂ ਦੇ ਘੇਰੇ ਤੋਂ ਬਾਹਰਲੇ ਇਸ ਪਹਿਲੇ ਪੰਜਾਬੀ ਸਾਹਿਤਕ ਇਨਾਮ ਦੀ ਪ੍ਰਾਪਤੀ ਉਤੇ ਉਦਾਸੀ ਸਾਡੀ ਸਭਨਾਂ ਦੀ ਸੱਚੀ ਵਧਾਈ ਦਾ ਅਧਿਕਾਰੀ ਹੈ ਅਤੇ ਇਸ ਸਹੀ ਚੋਣ ਉਤੇ ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਸਾਡੇ ਸਭਨਾਂ ਦੇ ਧੰਨਵਾਦ ਦਾ ਹੱਕਦਾਰ ਹੈ ।

[ **ਆਰਸੀ,** ਦੇ ਧੰਨਿਵਾਦ ਸਹਿਤ]

## ਸੂਚਨਾ

ਸਾਹਿਤਕ ਹਲਕਿਆਂ ਲਈ ਇਹ ਖ਼ਬਰ ਖ਼ੁਸ਼ੀ ਅਤੇ ਉਤਸ਼ਾਹ ਭਰੀ ਹੋਵੇਗੀ ਕਿ ਪੰਜਾਬੀ ਸਾਹਿਤ ਟਰੱਸਟ ਢੁਡੀਕੇ ਵਲੋਂ ਬਾਵਾ ਬਲਵੰਤ ਦੀ ਯਾਦ ਵਿਚ ਪਹਿਲਾ ਇਨਾਮ ਲੋਕ ਕਵੀ ਸੰਤ ਰਾਮ ਉਦਾਸੀ ਜੀ ਨੂੰ ਦਿੱਤਾ ਜਾ ਰਿਹਾ ਹੈ, ਜਿਸ ਵਿਚ ਗਿਆਰਾਂ ਸੌ ਰੁਪਏ, ਇਕ ਟਰਾਫੀ ਅਤੇ ਇਕ ਸ਼ਾਲ ਦਿੱਤੇ ਜਾ ਰਹੇ ਹਨ। ਇਹ ਇਨਾਮ ਬਾਵਾ ਬਲਵੰਤ ਦੀ ਯਾਦ ਵਿਚ ਹਰ ਸਾਲ ਦਿੱਤਾ ਜਾਇਆ ਕਰੇਗਾ। ਉਦਾਸੀ ਜੀ ਦਾ ਸਨਮਾਨ ਸਮਾਗਮ 26 ਨਵੰਬਰ 1978 ਨੂੰ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ।

ਜਨਰਲ ਸਕੱਤਰ — ਜਸਵੰਤ ਸਿੰਘ ਕੰਵਲ

# ਫ਼ਖ਼ਰ ਜ਼ਮਾਂ ਬਾਰੇ...

ਪਾਕਿਸਤਾਨੀ ਸਰਕਾਰ ਨੇ ਪੰਜਾਬੀ ਦੇ ਪ੍ਰਸਿੱਧ ਲੇਖਕ ਫ਼ਖ਼ਰ ਜ਼ਮਾਂ ਦੀਆਂ ਚਾਰ ਪੁਸਤਕਾਂ ਨੂੰ ਅਸ਼ਲੀਲ ਕਰਾਰ ਦੇ ਕੇ ਉਨ੍ਹਾਂ 'ਤੇ ਕਾਨੂੰਨੀ ਪਾਬੰਦੀ ਲਾ ਦਿੱਤੀ ਹੈ — ਸਰਕਾਰ ਦੇ ਇਸ ਕਦਮ ਅਤੇ ਫ਼ਖ਼ਰ ਜ਼ਮਾਂ ਵਲੋਂ ਇਸ ਦੇ ਵਿਰੁਧ ਕੀਤੀ ਗਈ ਪਟੀਸ਼ਨ ਨੇ ਦੇਸ਼ ਵਿਦੇਸ਼ ਦੇ ਸਾਹਿਤਕਾਰਾਂ ਦਾ ਧਿਆਨ ਪਾਕਿਸਤਾਨ ਵਿਚ ਸਾਹਿਤ ਰਚਨਾ ਦੇ ਭਵਿੱਖ ਵੱਲ ਖਿੱਚਿਆ ਹੈ। ਫ਼ਖ਼ਰ ਜ਼ਮਾਂ ਪਾਕਿਸਤਾਨੀ ਪਾਲਿਟਿਕਸ ਵਿਚ ਸਰਗਰਮ ਹੈ, ਉਸ ਦੀਆਂ ਲਿਖਤਾਂ ਵਿਚ ਹਾਕਮ ਸ਼੍ਰੇਣੀ ਦੇ ਧੱਕਿਆਂ, ਭੰਬਲਭੂਸਿਆਂ ਵਿਚ 'ਗਵਾਚੇ' ਅਤੇ ਖੁਆਰ ਹੋਏ ਲੋਕਾਂ ਦੀ ਪੀੜ ਹੈ, ਉਨ੍ਹਾਂ ਨਾਲ ਹਮਦਰਦੀ ਹੈ। ਪੰਜਾਬੀ ਵਿਚ ਉਸ ਨੇ ਦੋ ਨਾਵਲ "ਸੱਤ ਗਵਾਚੇ ਲੋਕ", ਅਤੇ "ਮਰੇ ਬੰਦੇ ਦੀ ਕਹਾਣੀ"; ਦੋ ਕਾਵਿ ਸੰਗ੍ਰਹਿ "ਵੰਗਾਰ" ਅਤੇ "ਵਣਜੋ ਵੇਲੇ ਦੀ" ਲਿਖੇ ਹਨ। ਇਨ੍ਹਾਂ ਤੋਂ ਇਲਾਵਾ ਦੋ ਕਿਤਾਬਾਂ ਉਰਦੂ ਵਿਚ ਤੇ ਕੁਝ ਰੇਡੀਓ ਤੇ ਟੀ. ਵੀ. ਨਾਟਕ ਵੀ ਲਿਖੇ ਹਨ। ਸਰਕਾਰ ਵਲੋਂ ਪਾਬੰਦੀ ਉਸ ਦੀਆਂ ਪੰਜਾਬੀ ਪੁਸਤਕਾਂ 'ਉਤੇ ਹੀ ਲਾਈ ਗਈ ਹੈ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀਆਂ ਮੀਟਿੰਗਾਂ ਵਿਚ ਉਸਦੇ ਨਾਵਲ "ਸੱਤ ਗਵਾਚੇ ਲੋਕ" 'ਤੇ ਚਰਚਾ ਕੀਤੀ ਗਈ, ਕੁਝ ਉਸ ਦੀਆਂ ਕਵਿਤਾਵਾਂ ਪੜ੍ਹੀਆਂ ਗਈਆਂ ਤੇ ਉਸ ਬਾਰੇ ਛਪੇ ਇਕ ਦੋ ਲੇਖ ਵੀ ਪੜ੍ਹੇ ਗਏ।

ਫ਼ਖ਼ਰ ਜ਼ਮਾਂ ਦੇ ਰਚੇ ਸਾਹਿਤ ਨੂੰ ਅਸ਼ਲੀਲ ਕਹਿਣਾ, ਸਿਵਾਏ ਇਕ ਅਸ਼ਲੀਲ ਮਜ਼ਾਕ ਦੇ ਹੋਰ ਕੁਝ ਨਹੀਂ ਹੋ ਸਕਦਾ। ਪਰ ਇਹ 'ਅਸ਼ਲੀਲ ਮਜ਼ਾਕ' ਪਾਕਿਸਤਾਨ ਸਰਕਾਰ ਵਲੋਂ ਸਿਰਫ਼ ਫ਼ਖ਼ਰ ਜ਼ਮਾਂ ਨੂੰ ਹੀ ਨਹੀਂ, ਸਾਰੇ ਪਾਕਿਸਤਾਨੀ ਸਾਹਿਤ ਨੂੰ ਕੀਤਾ ਗਿਆ ਹੈ ਅਤੇ ਇਸ ਦਾ ਸਿੱਟਾ ਕੋਈ ਮੌਜਿਹਾ ਹਾਸਾ ਨਹੀਂ ਸਗੋਂ ਤਬਾਹਕੁੰਨ ਘੁਰਕੀਆਂ ਅਤੇ ਧਮਕੀਆਂ ਹੋ ਸਕਦੀਆਂ ਹਨ।

ਅਸਲ ਵਿਚ ਸਰਕਾਰ ਦੇ ਕਾਰਿੰਦਿਆਂ ਨੂੰ ਵੀ ਏਨੀ ਸਮਝ ਤਾਂ ਜ਼ਰੂਰ ਹੋਵੇਗੀ ਕਿ ਫ਼ਖ਼ਰ ਜ਼ਮਾਂ ਦਾ ਸਮੁੱਚਾ ਸਾਹਿਤ ਕਿਸੇ ਪੱਖੋਂ ਅਸ਼ਲੀਲ ਨਹੀਂ। ਕਾਨੂੰਨੀ ਪਾਬੰਦੀ ਦਾ ਅਸਲ ਕਾਰਨ ਤਾਂ ਪ੍ਰਤੱਖ ਹੈ: ਉਸ ਵਲੋਂ ਹਾਕਮ ਸ਼੍ਰੇਣੀ ਦੀ ਦਲੇਰਾਨਾ ਵਿਰੋਧਤਾ ਅਤੇ ਪੰਜਾਬੀ ਵਿਚ ਸਾਹਿਤ ਰਚਨਾ ਕਰਕੇ ਪੰਜਾਬੀ ਜ਼ੁਬਾਨ ਦੀ ਮਹੱਤਤਾ ਵਧਾਉਣੀ। ਸਰਕਾਰ ਨੂੰ ਉਰਦੂ ਦੇ ਮੁਕਾਬਲੇ ਵਿਚ ਪੰਜਾਬੀ, ਪਸ਼ਤੋ, ਸਿੰਧੀ, ਬਲੋਚੀ ਆਦਿ ਬੋਲੀਆਂ ਦੀ ਤਰੱਕੀ ਉਕਾ ਪਸੰਦ ਨਹੀਂ। ਫ਼ਖ਼ਰ ਜ਼ਮਾਂ ਵਲੋਂ ਕੀਤੀ ਗਈ ਪਟੀਸ਼ਨ ਆਪਣੇ ਆਪ ਵਿਚ ਇਕ ਇਤਿਹਾਸਕ ਲਿਖਤ ਅਤੇ ਸਰਕਾਰ ਨੂੰ ਦਲੇਰ ਵੰਗਾਰ ਹੈ। ਉਸਨੇ ਲਿਖਿਆ ਹੈ: ਮੈਂ ਲੇਖਕਾਂ ਦੀ ਉਸ ਸ਼੍ਰੇਣੀ ਵਿਚੋਂ ਹਾਂ ਜਿਨ੍ਹਾਂ ਨੇ ਪਾਕਿਸਤਾਨ ਬਣਨ ਤੋਂ ਪਿੱਛੋਂ ਖ਼ੂਬਸੂਰਤ ਸੁਪਨੇ ਵੇਖੇ ਸਨ ਪਰ ਅੱਜ ਪਾਕਿਸਤਾਨ ਦੀ ਹਾਕਮ ਸ਼੍ਰੇਣੀ ਦੀ ਜ਼ਿਹਨੀਅਤ ਅਜੇ ਵੀ ਵਿਦੇਸ਼ੀ ਸਰਕਾਰਾਂ ਦੀ ਗ਼ੁਲਾਮ ਹੈ... ਇਸ ਸ਼੍ਰੇਣੀ ਦੇ ਉੱਚੇ ਏਅਰ ਕੰਡੀਸ਼ਨਡ ਦਫ਼ਤਰਾਂ ਦੇ ਪੈਰਾਂ ਵਿਚ ਅਜੇ ਵੀ ਲੋਕ ਭੁੱਖੇ ਭਾਣੇ ਲੀਰਾਂ ਵਿਚ ਰੁਲਦੇ ਹਨ... ਜੋ ਅਸਲੀਅਤ ਜ਼ਾਹਿਰ ਕਰਦੇ ਹਨ ਉਨ੍ਹਾਂ 'ਤੇ ਸ਼ੱਕ ਕੀਤਾ ਜਾਂਦਾ ਹੈ... ਅਸ਼ਲੀਲਤਾ ਦਾ ਦੋਸ਼ ਲਾਇਆ ਜਾਂਦਾ ਹੈ...।

ਵੈਨਕੂਵਰ ਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਪਾਕਿਸਤਾਨ ਸਰਕਾਰ ਦੇ ਫ਼ਖ਼ਰ ਜ਼ਮਾਂ ਸਾਹਿਤ ਪ੍ਰਤੀ ਇਸ ਕਦਮ ਦੀ ਨਿਖੇਧੀ ਕਰਦੀ ਹੈ ਅਤੇ ਪਾਕਿਸਤਾਨ ਸਰਕਾਰ ਨੂੰ ਇਸ ਦੇ ਖਿਲਾਉਂਹੇ ਸਿੱਟਿਆਂ ਦੀ ਚਿਤਾਵਨੀ ਦੇਣ ਵਿਚ ਦੁਨੀਆਂ ਦੇ ਬਾਕੀ ਸਾਰੇ ਸਾਹਿਤਕਾਰਾਂ ਨਾਲ ਆਵਾਜ਼ ਮਿਲਾਉਂਦੀ ਹੈ। ਇਸ ਦੇ ਨਾਲ ਹੀ ਫ਼ਖ਼ਰ ਜ਼ਮਾਂ ਪ੍ਰਤੀ ਲਿਟਰੇਰੀ ਐਸੋਸੀਏਸ਼ਨ ਪੂਰੀ ਹਮਦਰਦੀ ਜ਼ਾਹਿਰ ਕਰਦਿਆਂ ਉਸਦੀ ਦਲੇਰਾਨਾ ਜੱਦੋਜਹਿਦ ਦੀ ਭਰਪੂਰ ਸ਼ਲਾਘਾ ਕਰਦੀ ਹੈ।

ਅਜਮੇਰ ਰੋਡੇ (ਸੰਪਾਦਕ)

## ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ.

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

........................ ........................
........................ ........................
........................ ........................
........................ ........................

# ਪੜਤਾਲ

ਸੁਰਿੰਦਰ ਕੈਲੇ

ਉਡੀਕ ਉਡੀਕ ਕੇ ਥੱਕ ਗਏ ਸਾਂ।

ਪੜਤਾਲੀਆ ਅਫ਼ਸਰ ਨੇ ਠੀਕ ਨੌਂ ਵਜੇ ਬੀ.ਡੀ.ਓ. ਦੇ ਦਫ਼ਤਰ ਪਹੁੰਚ ਜਾਣ ਬਾਰੇ ਕਿਹਾ ਸੀ, ਪਰ ਗਿਆਰਾਂ ਵਜੇ ਤਕ ਉਹ ਨਹੀਂ ਸੀ ਆਇਆ। ਦਫ਼ਤਰ ਦੇ ਬਾਹਰ ਮੁੱਖ ਦਰਵਾਜ਼ੇ ਵੱਲ ਅਫ਼ਸਰ ਨੂੰ ਤਕਦਿਆਂ ਸਾਡੀਆਂ ਅੱਖਾਂ ਦੁੱਖਣ ਲੱਗ ਗਈਆਂ ਸਨ। ਮੇਰਾ ਸਬਰ ਬਰ-ਦਾਸ਼ਤ ਦੀ ਹੱਦ ਤੋਂ ਬਾਹਰ ਹੋ ਗਿਆ, 'ਬੀ.ਡੀ.ਓ. ਸਾਹਿਬ! ਆਪਾਂ ਬਾਹਰ ਬੱਸ ਸਟਾਪ ਤੇ ਹੀ ਕਿਉਂ ਨਾ ਉਡੀਕੀਏ?

ਹਾਂ,.....। ਸ਼ਾਇਦ ਉਹ ਮੇਰੇ ਨਾਲੋਂ ਵੀ ਵੱਧ ਅੱਕ ਗਿਆ ਸੀ। ਤੇ ਉਹ ਮੇਰੇ ਨਾਲ ਕੁਰਸੀ ਤੋਂ ਉੱਠ ਬਾਹਰ ਆ ਗਿਆ। ਅਸੀਂ ਆਪਣੇ ਆਪ ਨੂੰ ਆਣ ਜਾ ਰਹੇ ਲੋਕਾਂ ਵੱਲ ਤੇ ਦੁਕਾਨਾਂ 'ਚ ਵੜਦੇ ਨਿਕਲਦੇ ਗਾਹਕਾਂ ਵੱਲ ਵੇਖ ਵੇਖ ਰੁਝਾਣ ਦੀ ਅਸਫਲ ਕੋਸ਼ਿਸ਼ ਕਰ ਰਹੇ ਸਾਂ, ਪਰ ਸਾਡਾ ਧਿਆਨ ਦੂਰੋਂ ਸ਼ਹਿਰੋਂ ਆ ਰਹੀਆਂ ਬੱਸਾਂ ਵੱਲ ਹੀ ਰਹਿੰਦਾ। ਕੋਈ ਬੱਸ ਵਗੈਰ ਰੁਕੇ ਹੀ ਚਲੀ ਜਾਂਦੀ ਤੇ ਕੋਈ ਬੱਸ ਰੁਕਦੀ, ਸਵਾਰੀਆਂ ਉਤਰਦੀਆਂ ਤੇ ਆਪਣੇ ਰਾਹ ਪੈ ਜਾਂਦੀਆਂ।

'ਔਹ।.... ਔਹ.... ਸਾਹਿਬ ਆ ਗਏ। ਬੀ.ਡੀ.ਓ ਨੇ ਪਿਛਲੀ ਬੱਸ 'ਚੋਂ ਉਤਰਦੇ ਅਫ਼ਸਰ ਨੂੰ ਵੇਖਦਿਆਂ ਕਿਹਾ, ਤੇ ਤੇਜ਼ੀ ਨਾਲ ਕੋਲ ਜਾ ਕੇ ਸਲੂਟ ਮਾਰਿਆ।

'ਸੌਰੀ! ਜ਼ਰਾ ਦੇਰ ਹੋ ਗਈ।' ਅਫ਼ਸਰ ਦੇ ਮਗਰ ਥੈਲਾ ਚੁੱਕੀ' ਉਸ ਦੇ ਸਹਾਇਕ ਨੇ ਅਫ਼ਸੋਸ ਪ੍ਰਗਟ ਕੀਤਾ।

'ਨਹੀਂ, ਨਹੀਂ, ....ਕੋਈ ਗੱਲ ਨੀ; ਅਜੇ ਤਾਂ ਸਵਾ ਗਿਆਰਾਂ ਹੀ ਵਜੇ ਨੇ।' ਉਸ ਨੇ ਸਾਵਾਂ ਹੋਣ ਦੀ ਕੋਸ਼ਿਸ਼ ਕਰਦਿਆਂ ਕਿਹਾ, ਆਓ ਦਫ਼ਤਰ ਚਲੀਏ, ਬੜੀ ਗਰਮੀ ਹੈ।'

ਤੇ ਸਾਰੇ ਦਫ਼ਤਰ ਆ ਗਏ। ਚਪੜਾਸੀ ਨੇ ਕਿੱਕ ਚੁੱਕਦਿਆਂ ਲੰਬਾ ਸਲੂਟ ਮਾਰਿਆ।

ਅਫ਼ਸਰ ਰੁਮਾਲ ਨਾਲ ਮੂੰਹ ਪੂੰਝਦਾ ਕੁਰਸੀ ਉਪਰ ਬੈਠਿਆ ਹੀ ਸੀ ਕਿ ਚਪੜਾਸੀ ਟਰੇ 'ਚ ਦੋ ਗਲਾਸ ਸ਼ੌਂਸ਼ੇਕ ਦੇ ਰੱਖ ਲਿਆਇਆ। ਬੀ.ਡੀ.ਓ. ਨੇ ਕੁਰਸੀ ਤੋਂ ਉੱਠ ਕੇ ਦੋਹਾਂ ਨੂੰ ਇਕ ਇਕ ਗਲਾਸ ਦਿੱਤਾ।

'ਤੁਸੀਂ ਬੀ.ਡੀ.ਓ. ਸਾਬ?' ਸਹਾਇਕ ਨੇ ਕਿਹਾ।

'ਅਸੀਂ ਹੁਣੇ ਪੀ ਕੇ ਹਟੇ ਹਾਂ, ਬੱਸ ਤੁਹਾਡੇ ਆਉਣ ਤੋਂ ਥੋੜਾ ਪਹਿਲਾਂ ਹੀ।' ਉਸਨੇ ਸਫ਼ੈਦ ਝੂਠ ਬੋਲਿਆ ਤੇ ਸੁੱਕੇ ਬੁੱਲ੍ਹਾਂ ਤੇ ਜੀਭ ਫੇਰ ਕੇ ਥੁੱਕ ਅੰਦਰ ਲੰਘਾਉਂਦਿਆਂ ਕੁਰਸੀ 'ਚ ਢੇਰੀ ਹੋ ਗਿਆ।

'ਪਿੰਡ ਕਿੰਨੀ ਕੁ ਦੂਰ ਹੈ?' ਅਫ਼ਸਰ ਨੇ ਪਹਿਲੀ ਵਾਰੀ ਮੂੰਹ ਖੋਲ੍ਹਿਆ।

'ਬੱਸ ਜੀ ਦੋ ਕੁ ਮੀਲ ਆਂ ਕੱਚੀ ਸੜਕ ਤੇ।'

'ਆਪਾਂ ਪੜਤਾਲ ਲਈ ਬੰਦਿਆਂ ਨੂੰ ਇਥੇ ਹੀ ਨਾ ਬੁਲਾ ਲਈਏ?'

'ਨਹੀਂ ਸਾਬ! ਪੜਤਾਲ ਤਾਂ ਪਿੰਡ ਹੀ ਹੋਣੀ ਚਾਹੀਦੀ ਹੈ। ਅੱਠੇ ਬੰਦਿਆਂ ਲਈ ਕੰਮ ਛੱਡ ਕੇ ਆਉਣਾ ਬੜਾ ਔਖਾ ਹੈ। ਨਾਲੇ ਨੋਟਿਸ ਵਿਚ ਪੜਤਾਲ ਲਈ ਪਿੰਡ ਦਾ ਹੀ ਥਾਂ ਦਿੱਤਾ ਗਿਆ ਹੈ।' ਮੈਂ ਕਾਹਲੀ ਨਾਲ ਕਹਿ ਗਿਆ ਕਿਉਂਕਿ ਮੈਂ ਚਾਹੁੰਦਾ ਸੀ ਕਿ ਸਰਪੰਚ ਦੀ ਚੋਰੀ ਸਾਰੇ ਪਿੰਡ 'ਚ ਨੰਗੀ ਹੋਵੇ ਤੇ ਇਹ ਸਾਡੇ ਲਈ ਪ੍ਰਾਪੇਗੰਡੇ ਦਾ ਇਕ ਨਿਗਰ ਹਥਿਆਰ ਵੀ ਬਣ ਜਾਏਗਾ।

'ਹਾਂ ਸਾਹਿਬ! ਪਿੰਡ ਹੀ ਠੀਕ ਰਹੂ।' ਬੀ.ਡੀ.ਓ. ਨੇ ਕਿਹਾ।

'ਚੰਗਾ ਫਿਰ ਚਲੋ।' ਸਾਹਿਬ ਨੇ ਖਾਲੀ ਗਲਾਸ ਮੇਜ਼ ਤੇ ਰੱਖਦਿਆਂ ਕਿਹਾ।

ਬਾਹਰ ਸਾਈਕਲ ਤਿਆਰ ਖੜੇ ਸਨ। ਅਫ਼ਸਰ ਬੀ.ਡੀ.ਓ ਦੇ ਪਿਛੇ ਤੇ ਸਹਾਇਕ ਮੇਰੇ ਸਾਈਕਲ ਤੇ ਬੈਠ ਗਿਆ। ਸਾਹਮਣੇ ਦਿੱਸ ਰਹੀ ਜਿੱਤ ਦੇ ਅਹਿਸਾਸ ਵਿਚ ਮੈਂ ਖੁਸ਼ੀ ਨਾਲ ਝੂਮ ਰਿਹਾ ਸਾਂ। ਇਹ ਦਿਨ ਲਿਆਉਣ ਲਈ ਬੜੀ ਮਿਹਨਤ ਕਰਨੀ ਪਈ ਸੀ। ਪਿੰਡ ਵਿਚ ਖਾਲੀ ਪਈ ਜ਼ਮੀਨ ਦੇ ਪੰਜ ਪਲਾਟ ਬਣਾਕੇ ਸਰਪੰਚ ਨੇ ਵੇਚ ਦਿੱਤੇ ਸਨ। ਪਰ ਬੋਲੀ ਦੇਣ ਵਾਲਿਆਂ ਤੋਂ ਪੂਰੇ ਪੈਸੇ ਲੈ ਕੇ ਰਸੀਦ ਘੱਟ ਦੀ ਦੇ ਕੇ ਘਪਲਾ ਮਾਰ ਗਿਆ। ਪਤਾ ਲੱਗਣ ਤੇ ਅਸੀਂ ਪਿੰਡ 'ਚ ਨੌਜਵਾਨ ਸਭਾ ਬਣਾ ਕੇ ਇਸਦੀ ਪੜਤਾਲ ਕਰਨੀ

ਗਈ ਪਰ ਸਰਪੰਚ ਨੇ ਪੈਰਾਂ ਤੇ ਪਾਣੀ ਨਾ ਪੈਣ ਦਿੱਤਾ। ਫਿਰ ਅਸੀਂ ਉੱਥੇ ਅਫਸਰਾਂ ਕੋਲ ਸ਼ਿਕਾਇਤ ਲੈ ਕੇ ਗਏ ਪਰ ਪੱਲਾ ਝਾੜ ਕੇ ਵਾਪਸ ਘਰ ਮੁੜ ਆਏ। ਇਕ ਉੱਥੇ ਅਫਸਰ ਦੇ ਕਹਿਣ ਤੇ ਪੰਚਾਇਤ ਮੰਤਰੀ ਕੋਲ ਜਾਣ ਦੀ ਸਲਾਹ ਦਿੱਤੀ। ਅਗਲੇ ਹੀ ਦਿਨ ਅਸੀਂ ਮੰਤਰੀ ਦੇ ਦਫਤਰ ਜਾ ਵੜੇ। ਮੰਤਰੀ ਆਈ ਗਈ ਕਰੀ ਜਾਵੇ। ਕਹੇ ਮੈਂ ਇਲਾਕੇ ਦੇ ਐਮ. ਐਲ. ਏ. (ਜੋ ਉਸ ਦੀ ਪਾਰਟੀ ਦਾ ਹੀ ਸੀ) ਕੋਲੋਂ ਰਿਪੋਰਟ ਮੰਗਵਾ ਕੇ ਕਾਰਵਾਈ ਕਰਾਂਗਾ। ਅਸੀਂ ਹੈਰਾਨ ਸਾਂ ਕਿ ਇਹ ਨਵੀਂ ਸਰਕਾਰ ਜਿਸਨੇ ਭ੍ਰਿਸ਼ਟਾਚਾਰ ਖਤਮ ਕਰਨ ਦੀ ਸੌਂਹ ਖਾਧੀ ਹੈ, ਇਸੇ ਸਰਕਾਰ ਦੇ ਮੰਤਰੀ ਦੇ ਕੰਨਾਂ ਤੇ ਜੂੰ ਤੱਕ ਨਹੀਂ ਸੀ ਸਰਕਦੀ। ਭਲਾ ਜੇ ਇਲਾਕੇ ਦਾ ਐਮ. ਐਲ. ਏ. ਕਹਿ ਦੇਵੇ ਕਿ ਸਰਪੰਚ ਮੇਰਾ ਬੰਦਾ ਹੈ ਫਿਰ ਮੰਤਰੀ ਕੋਈ ਕਾਰ-ਵਾਈ ਕਰੂਗਾ? ਕਦੇ ਨਹੀਂ ਕਰਦਾ। ਪਰ ਅਸੀਂ ਉਸਦੇ ਪਿੱਛੇ ਹੱਥ ਧੋ ਕੇ ਪੈ ਗਏ, ਆਏ ਦਿਨ ਉਸਦੇ ਦਫਤਰ ਮੂਹਰੇ ਜਾ ਖੜਦੇ। ਇਕ ਦਿਨ ਉਸਦੇ ਪੀ. ਏ. ਨੇ ਪੁੱਛਿਆ — ਸਰਪੰਚ ਅਕਾਲੀ ਹੈ ਜਾਂ ਕਾਂਗਰਸੀਆ। 'ਸਾਡੀ ਸਭਾ ਦਾ ਇਕ ਬੰਦਾ ਗੱਲ ਤਾੜ ਗਿਆ, 'ਜੀ ਕੱਟੜ ਕਾਂਗਰਸੀਆ।'

'ਫੇਰ ਤਾਂ ਤੁਹਾਡਾ ਕੇਸ ਬਣ ਗਿਆ।'

ਅਸੀਂ ਹੈਰਾਨ ਹੋ ਕੇ ਉਸ ਵੱਲ ਵੇਖਿਆ।

'ਇਹੋ ਗੱਲ ਮੰਤਰੀ ਜੀ ਨੂੰ ਦੱਸ ਦਿਓ।'

ਅਸੀਂ ਸੋਚ ਰਹੇ ਸਾਂ ਕਿ ਇਹ ਗੱਲ ਸਾਨੂੰ ਹੁਣ ਤੱਕ ਕਿਉਂ ਨਹੀਂ ਸੁੱਝੀ। ਅਸਲ 'ਚ ਹਰ ਆਦਮੀ ਨੂੰ ਰਾਜਨੀਤਕ ਤੌਰ ਤੇ ਘੱਟੋ ਘੱਟ ਐਨਾ ਕੁ ਤਾਂ ਜ਼ਰੂਰ ਹੁਸ਼ਿ-ਆਰ ਹੋਣਾ ਚਾਹੀਦਾ ਹੈ ਕਿ ਮੌਕੇ ਤੇ ਰਾਜਨੀਤਕ ਦਾਉ ਪੇਚ ਵਰਤ ਸਕੇ। ਅਸੀਂ ਮਹਿਸੂਸ ਕਰ ਲਿਆ ਸੀ ਕਿ ਇਹ ਸਰਪੰਚ ਵਾਲੀ ਲੜਾਈ ਸਿਆਸੀ ਢੰਗ ਵਰਤੇ ਬਿਨਾਂ ਸਫਲ ਨਹੀਂ ਹੋ ਸਕਦੀ।

ਪੀ. ਏ. ਵਾਲੀ ਗੱਲ ਦੀ ਅਸਾਂ ਜਾ ਮੰਤਰੀ ਦੇ ਕੰਨਾਂ 'ਚ ਫੂਕ ਮਾਰੀ, ਜੇ ਇਹ ਸਰਪੰਚ ਬਣ ਗਿਆ ਤਾਂ ਵਿਰੋਧੀ ਦੀਆਂ ਵੋਟਾਂ ਸਾਰੀਆਂ ਸਮਝੋ ਆਪਣੀਆਂ ਹੋ ਗਈਆਂ।' ਸਭਾ ਦਾ ਸਕੱਤਰ ਹੁਣ ਵਧੇਰੇ ਦਾਉ ਪੇਚ ਸਿੱਖ ਗਿਆ ਸੀ। ਮੰਤਰੀ ਨੇ ਝੱਟ ਸੈਕਟਰੀ ਨੂੰ ਬੁਲਾ ਕੇ ਸਾਡੀ ਸ਼ਿਕਾਇਤ ਦੀ ਪੜਤਾਲ ਲਈ ਪੜਤਾਲੀਆ ਅਫਸਰ ਭੇਜਣ ਦਾ ਹੁਕਮ ਦਿੱਤਾ।

'ਓ. ਹੋ.... ਪਿੱਛੇ ਬੈਠੀ ਸਵਾਰੀ ਹਿੱਲੀ। ਪਿਛਲਾ ਟੈਰ ਖੱਡੇ 'ਚ ਡਿੱਗ ਜਾਣ ਕਰਕੇ ਸਾਈ-ਕਲ ਦਾ ਹੈਂਡਲ ਡੋਲ ਗਿਆ ਸੀ।

ਸੂਰਜ ਐਨ ਸਿਖਰ ਤੇ ਆ ਗਿਆ ਹੋਇਆ ਸੀ। ਕਣਕ ਦੀ ਵਢਾਈ ਲਗ ਪਗ ਪੂਰੀ ਹੋ ਚੁੱਕੀ ਸੀ। ਅਸਮਾਨ 'ਚ ਉੱਡਦੀਆਂ ਤਿੱਤਰ ਖੰਭੀਆਂ ਨੂੰ ਵੇਖਕੇ ਜੱਟ ਕਾਹਲੀ ਕਾਹਲੀ ਥਰੈਸ਼ਰ ਚਲਾ ਰਹੇ ਸਨ ਤਾਂ ਕਿ ਮੀਂਹ ਤੋਂ ਪਹਿਲਾਂ ਦਾਣੇ ਕੱਢ ਲਏ ਜਾਣ। ਬੀ. ਡੀ. ਓ. ਅੱਗੇ ਲੰਘ ਗਿਆ ਸੀ। ਮੈਂ ਵੀ ਕਾਹਲੀ ਕਾਹਲੀ ਪੈਡਲ ਮਾਰਨੇ ਸ਼ੁਰੂ ਕਰ ਦਿੱਤੇ। ਬੀ. ਡੀ. ਓ. ਦੇ ਪਿੱਛੇ ਬੈਠਾ ਅਫਸਰ ਅੱਖ ਮਲਣ ਲੱਗ ਪਿਆ ਸੀ ਸ਼ਾਇਦ ਕਣਕ ਦੀ ਧੂੜ ਅੱਖ 'ਚ ਪੈ ਗਈ ਸੀ।

'ਬੀ. ਡੀ. ਓ. ਸਾਹਿਬ, ਅੱਜ ਤਾਂ ਮਾਰ ਦਿੱਤੇ ਗਰਮੀ....; ਸਾਈਕਲ ਦੇ ਬਰਾਬਰ ਹੁੰਦਿਆਂ ਸਹਾਇਕ ਨੇ ਕਿਹਾ।

'ਹਾਂ ਸਾਬ! ਅੱਜ ਗਰਮੀ ਹੈ ਵੀ ਬਹੁਤ। ਬਸ ਆ ਪਹੁੰਚੇ ਪਿੰਡ ਵੀ।'

ਉਨ੍ਹਾਂ ਪਿੰਡ ਪਹੁੰਚ ਕੇ ਸ਼ੁਕਰ ਕੀਤਾ। ਅਫਸਰ ਇਕ ਵਾਰੀ ਫੇਰ ਗਿੱਲੇ ਰੁਮਾਲ ਨਾਲ ਮੂੰਹ ਪੂੰਝ ਕੇ ਬੁੱਲ੍ਹ ਮਾਰਦਾ ਪੰਚਾਇਤ ਘਰ 'ਚ ਵੜ ਗਿਆ। ਪਿੰਡ ਦੇ ਚੌਕੀਦਾਰ ਨੇ ਫੱਟਾ ਫਟ ਠੰਢੇ ਘੜੇ ਦਾ ਠੰਢਾ ਪਾਣੀ ਪਿਲਾਇਆ। ਪੱਖੇ ਥੱਲੇ ਬੈਠ ਕੇ ਅਫਸਰ ਦੀ ਜਾਨ 'ਚ ਜਾਨ ਆਈ।

ਪਿੱਛੇ ਹੀ ਸਰਪੰਚ ਇਕ ਨਾਲੀ ਬੰਦੂਕ ਮੋਢੇ 'ਚ ਪਾਈ ਅੰਦਰ ਆ ਵੜਿਆ। ਉਸਦੇ ਮਗਰ ਹੀ ਸਭਾ ਦੇ ਸਕੱਤਰ ਨੇ ਆਉਂਦਿਆਂ ਇਤਰਾਜ਼ ਕੀਤਾ ਕਿ ਸਰਪੰਚ ਬੰਦੂਕ ਬੰਦਿਆਂ ਨੂੰ ਡਰਾਉਣ ਲਈ ਲੈ ਕੇ ਆਇਆ ਹੈ। ਕਾਫੀ ਬਹਿਸ ਹੋਈ, ਸਰਪੰਚ ਬੰਦੂਕ ਨਾਲ ਰੱਖਣ ਲਈ ਅੜਿਆ ਹੋਇਆ ਸੀ ਤੇ ਨਾਲ ਹੀ ਮੈਨੂੰ ਬਾਹਰ ਕੱਢਣ ਲਈ ਜ਼ੋਰ ਲਾ ਰਿਹਾ ਸੀ। ਅਖੀਰ ਫੈਸਲਾ ਹੋਇਆ ਕਿ ਪੜਤਾਲੀਆ ਅਫਸਰ ਕੋਲ ਇਕ ਬੰਦਾ ਸਰਪੰਚ ਦਾ ਤੇ ਇਕ ਸਭਾ ਦਾ ਹਾਜ਼ਰ ਰਹਿਣਗੇ ਤੇ ਸਰਪੰਚ ਆਪਣੀ ਬੰਦੂਕ ਘਰ ਰੱਖ ਕੇ ਆਵੇ। ਸਰਪੰਚ ਘੂਰ ਮਾਰ ਕੇ ਬਾਹਰ ਨਿਕਲ ਗਿਆ।

ਕਾਰਵਾਈ ਸ਼ੁਰੂ ਹੋਈ। ਸਭ ਤੋਂ ਪਹਿਲਾਂ ਮੇਰੇ ਬਿਆਨ ਲਏ। ਮੈਂ ਉਹੋ ਕਿਹਾ ਜੋ ਕਿ ਸ਼ਿਕਾਇਤ 'ਚ ਕਿਹਾ ਗਿਆ ਸੀ। ਫਿਰ ਸਰਪੰਚ ਦੇ ਬਿਆਨ ਤੋਂ ਮਗਰੋਂ ਗਵਾਹਾਂ ਦੀ ਵਾਰੀ ਆਈ। ਇਹ ਗਵਾਹ ਉਹੋ ਹੀ ਬੰਦੇ ਸਨ ਜਿਨ੍ਹਾਂ ਨੇ ਪਲਾਟ ਖਰੀਦੇ ਸਨ। ਪੰਜਾਂ ਗਵਾਹਾਂ ਵਿਚੋਂ ਦੋ ਤਾਂ ਸਰਪੰਚ ਦੇ ਆਪਣੇ ਖਾਸ ਬੰਦੇ ਸਨ, ਦੋ ਉਪਰ ਸਭਾ ਨੂੰ ਪੂਰਾ ਭਰੋਸਾ ਸੀ ਤੇ ਪੰਜਵਾਂ ਆਦਮੀ ਸ਼ੱਕੀ ਸੀ। ਪਹਿਲੇ ਬੰਦੇ ਕੋਲੋਂ ਪੜਤਾਲੀਆ ਅਫਸਰ ਨੇ ਪੁੱਛਿਆ, ਕਿ ਤੂੰ ਪਲਾਟ ਕਿੰਨੇ 'ਚ ਖਰੀਦਿਆ ਸੀ।

'ਜੀ ਪੂਰੇ 5100 ਰੁਪੈ ਦਾ।'

'ਰਕਮ ਕਿੰਨੀ ਦਿੱਤੀ ?'

'ਜੀ 51 ਸੌ ਨਕਦ।'

'ਕਿਸ ਦੇ ਸਾਹਮਣੇ ?

'ਜੀ, ਦੋਵੇਂ ਪੰਚ ਦੇ ਸਾਹਮਣੇ।' ਤੇ ਨਾਲ ਹੀ 5100 ਰੁਪਏ ਦੀ ਰਸੀਦ ਵੀ ਵਿਖਾ ਦਿੱਤੀ।

ਫਿਰ ਪਿੰਡ ਦੇ ਤਿੰਨ ਹੋਰ ਬੰਦਿਆਂ ਦੇ ਬਿਆਨ ਲਏ ਜੋ ਬੋਲੀਆਂ ਸਮੇਂ ਹਾਜ਼ਰ ਸਨ ਤੇ ਜਿਨ੍ਹਾਂ ਦੇ ਸਾਹਮਣੇ ਰਕਮ ਦਿੱਤੀ ਗਈ ਸੀ। ਉਨ੍ਹਾਂ ਵਿਚੋਂ ਦੋਵਾਂ ਪੰਚ ਸਰਪੰਚ ਦੇ ਹੱਕ ਵਿਚ ਤੇ ਦੋ ਕਿਸਾਨ ਸਭਾ ਦੇ ਹੱਕ 'ਚ ਭੁਗਤੇ। ਸਰਪੰਚ ਦਾ ਆਦਮੀ ਖੁਸ਼ ਸੀ ਕਿ ਅਸਲੀ ਗਵਾਹ ਉਨ੍ਹਾਂ ਦੇ ਹੱਕ 'ਚ ਭੁਗਤ ਰਹੇ ਹਨ। ਮੈਨੂੰ ਇਸ ਬਾਰੇ ਕੋਈ ਹੈਰਾਨੀ ਨਹੀਂ ਸੀ ਕਿਉਂਕਿ ਇਹ ਤਾਂ ਸਰਪੰਚ ਦੇ ਖਾਸ ਬੰਦੇ ਸਨ। ਤੇ ਫਿਰ ਬਾਕੀ ਗਵਾਹਾਂ ਮਗਰੋਂ ਛੇਵੇਂ ਗਵਾਹ ਦੀ ਵਾਰੀ ਆਈ, ਜਿਸ ਨੇ ਸੱਚ ਬੋਲਣਾ ਸੀ ਤੇ ਜਿਸਦੇ ਬਿਆਨ ਤੇ ਸਾਰਾ ਕੇਸ ਚਲਣਾ ਸੀ। ਪਰ ਮੈਂ ਬੜਾ ਹੈਰਾਨ ਹੋਇਆ ਕਿ ਉਹ ਵੀ ਪਹਿਲਿਆਂ ਵਾਂਗ ਸਰਪੰਚ ਦੇ ਹੱਕ 'ਚ ਬਿਆਨ ਦੇ ਗਿਆ ਸੀ। ਇਹ ਉਹੋ ਹੀ ਆਦਮੀ ਸੀ ਜਿਸ ਨੇ ਸਰਪੰਚ ਦੇ ਇਸ ਘਪਲੇ ਬਾਰੇ ਦੱਸਿਆ ਸੀ ਤੇ ਪੜਤਾਲ 'ਚ ਡੱਟ ਕੇ ਖੜਨ ਦਾ ਵਾਅਦਾ ਕੀਤਾ ਸੀ। ਹੁਣ ਇਕੋ ਇਕ ਆਸ ਸੀ ਅਖੀਰਲੇ ਗਵਾਹ ਤੇ। ਪਰ ਉਹ ਵੀ ਪਹਿਲਿਆਂ ਵਾਂਗ ਸਰਪੰਚ ਦੇ ਹੱਕ 'ਚ ਬੋਲ ਗਿਆ ਸੀ।

ਮੈਨੂੰ ਬਾਹਰ ਨਿਕਲਦਿਆਂ ਹੀ ਸਭਾ ਦੇ ਸਕੱਤਰ ਨੇ ਪੁੱਛਿਆ, 'ਕਿਉਂ, ਕਿਵੇਂ ਰਿਹਾ? ਠੀਕ ਹੋ ਗਿਆ ਹੈ ਨਾ ਸਭ ਕੁੱਛ?

'ਸੁਆਹ ਠੀਕ ਹੋ ਗਿਆ। ਆਪਣੇ ਬੰਦੇ ਵੀ ਮੁੱਕਰ ਗਏ, ਕਹਿੰਦੇ ਨੇ ਕਿ ਅਸੀਂ 51-51 ਸੌ ਦੀ ਬੋਲੀ ਦੇ ਪਲਾਟ ਲਏ ਸੀ ਤੇ ਏਨੇ ਹੀ ਪੈਸੇ ਦਿੱਤੇ ਸੀ। ਕਿਸੇ ਨੇ ਨਹੀਂ ਕਿਹਾ ਕਿ ਸਤਵੰਜਾ ਸੌ ਦੇ ਕੇ ਰਸੀਦ ਇਕਵੰਜਾ ਸੌ ਰੁਪੈ ਦੀ ਲਈ ਸੀ।' ਮੇਰਾ ਮਨ ਉਤਰ ਗਿਆ, 'ਛੱਡ ਯਾਰ ਆਪਾਂ ਕੀ ਲੈਣਾ ਹੈ, ਜਿਨ੍ਹਾਂ ਲਈ ਇਹ ਸਭ ਕੁੱਝ ਕਰਦੇ ਹਾਂ, ਉਹੋ ਹੀ ਸਾਥ ਨਹੀਂ ਦਿੰਦੇ।'

'ਮੈਨੂੰ ਤਾਂ ਪਹਿਲਾਂ ਹੀ ਸ਼ੱਕ ਹੋ ਗਈ ਸੀ, ਪਰਸੋਂ ਦੇ ਹੀ ਦੋਵੇਂ ਬੰਦੇ ਨਹੀਂ ਸੀ ਲੱਭਦੇ। ਘਰ ਦੇ ਕਹਿੰਦੇ ਸੀ ਕਿ ਲਾਂਭੇ ਗਏ ਆ। ਪਰ ਵਾਢੇ ਛੱਡ ਕੇ ਲਾਂਭੇ ਕਿਵੇਂ ਚਲੇ ਗਏ? ਤੇ ਫਿਰ ਇਹੋ ਜਿਹੇ ਮੌਸਮ 'ਚ ਮੀਂਹ ਦਾ ਮਿੰਟ ਵਸਾ ਨਹੀਂ। ਹੁਣ ਪਤਾ ਲੱਗਿਆ ਪਰਸੋਂ ਦੇ ਦੋਨੋਂ ਹੀ ਸਰਪੰਚ ਦੇ ਮੋਟਰ ਵਾਲੇ ਚੁਬਾਰੇ 'ਚ ਦਾਰੂ ਪੀ ਜਾਂਦੇ ਸੀ। ਸਰਪੰਚ ਨੇ ਕਿਹਾ ਸੀ ਵਾਢੇ ਮੈਂ ਆਪਣੇ ਟਰੈਕਟਰ ਨਾਲ ਕਢਵਾ ਦਿਆਂਗਾ। ਉਦੋਂ ਹੀ ਸਕੱਤਰ ਨਾਲ ਖੜ੍ਹੇ ਇਕ ਹੋਰ ਮੈਂਬਰ ਨੇ ਭੇਤ ਖੋਲ੍ਹਿਆ।

'ਹਾਂ.....' ਸਕੱਤਰ ਨੇ ਲੰਬਾ ਸਾਹ ਲਿਆ,' ਤਾਂ ਸਰਪੰਚ ਕਰ ਗਿਆ ਆਪਣਾ ਜਾਦੂ। ਪਰਧਾਨ ਸਾਬ! ਹੁਣ ਮੈਂ ਮਹਿਸੂਸ ਕਰਦਾ ਕਿ ਆਪਣਾ ਇਹ ਐਕਸ਼ਨ ਗਲਤ ਸੀ। ਐਕਸ਼ਨ ਤੋਂ ਪਹਿਲਾਂ ਲੋੜ ਹੈ ਲੋਕਾਂ ਨੂੰ ਸੂਝਵਾਨ, ਦ੍ਰਿੜ ਤੇ ਚੇਤੰਨ ਕਰਨ ਦੀ। ਇਹ ਜੋ ਐਕਸ਼ਨ ਆਪਾਂ ਲਿਆ ਹੈ, ਜੇ ਆਪਾਂ ਇਸ ਲਈ ਲੋਕਾਂ 'ਚ ਪਰਚਾਰ ਕਰਕੇ, ਉਨ੍ਹਾਂ ਨੂੰ ਤਿਆਰ ਕਰਕੇ, ਇਹੋ ਐਕਸ਼ਨ ਉਨ੍ਹਾਂ ਕੋਲੋਂ ਕਰਾਉਂਦੇ ਅਸੀਂ ਸਿਰਫ਼ ਕਰਦੇ ਤਾਂ ਜ਼ਰੂਰ ਸਫ਼ਲ ਹੋਣਾ ਸੀ। ਸਕੱਤਰ ਇਸ ਘਟਨਾ ਦਾ ਨਿਚੋੜ ਕੱਢ ਰਿਹਾ ਸੀ। 'ਆਪਾਂ ਨੂੰ ਇਸ ਤੋਂ ਸਬਕ ਸਿੱਖਕੇ ਅਗਲਾ ਕਦਮ ਪੁਟਣਾ ਪਵੇਗਾ'।

ਪੜਤਾਲੀਆ ਅਫਸਰ ਤੇ ਅਮਲਾ ਬਾਹਰ ਆਕੇ ਸਰਪੰਚ ਦੇ ਉਡੀਕਦੇ ਟਰੈਕਟਰ ਤੇ ਬੈਠ ਗਏ। ਸਰਪੰਚ ਦੀ ਇਕ ਨਾਲੀ ਬੰਦੂਕ ਫਿਰ ਮੋਢੇ ਤੇ ਸੀ ਤੇ ਉਸਦਾ ਟਰੈਕਟਰ ਧੂੜਾਂ ਉਡਾਉਂਦਾ ਸਿੱਧਾ ਮੋਟਰ ਵਾਲੇ ਚੁਬਾਰੇ ਨੂੰ ਗਿਆ।

o o o o o

# ਵੱਡੇ ਘਰਾਣੇ ਦੇ ਦੋ ਬੱਚਿਆਂ ਦਾ ਕਤਲ

## *ਭਾਰਤ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਹਰਕਤ 'ਚ*

### ਸੈਂਕੜੇ ਗ਼ਰੀਬਾਂ ਦੇ ਚੁਪੀਤੇ ਕਤਲਾਂ ਲਈ ਜੁਆਬਦਿਹ ਕੌਣ ?

ਪਿਛਲੇ ਮਹੀਨੇ ਦਿੱਲੀ ਵਿੱਚ ਸਮੁੰਦਰੀ ਸੈਨਾ ਦੇ ਇਕ ਅਫ਼ਸਰ ਦੇ ਦੋ ਬੱਚਿਆਂ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਅਖ਼ਬਾਰਾਂ ਵਿਚ ਬਹੁਤ ਚਰਚਾ ਰਹੀ ਹੈ। ਇਹਨਾਂ ਬੱਚਿਆਂ ਦੇ ਕਤਲ ਨੂੰ ਲੈ ਕੇ ਪਾਰਲੀਮੈਂਟ ਵਿਚ ਤਕੜਾ ਚਿਰ ਹੰਗਾਮਾ ਹੁੰਦਾ ਰਿਹਾ, ਵਿਰੋਧੀ ਪਾਰਟੀਆਂ ਵੱਲੋਂ ਸਰਕਾਰ ਦੀ ਅਮਨ-ਕਾਨੂੰਨ ਕਾਇਮ ਰੱਖਣ 'ਚ ਰਹੀ ਨਾਕਾਮੀ 'ਤੇ ਖ਼ੂਬ ਖੁੰਬ ਠੱਪੀ ਗਈ ਤੇ ਇਥੋਂ ਤੱਕ ਕਿ ਕੁਝ ਇਕ ਪਾਰਟੀਆਂ ਨੇ ਸਰਕਾਰ ਤੋਂ ਅਸਤੀਫ਼ੇ ਦੀ ਮੰਗ ਕੀਤੀ। ਪੁਲਸ ਵੱਲੋਂ ਦੇਸ ਭਰ ਵਿਚ ਛਾਪਿਆਂ ਤੇ ਨਾਕਾਬੰਦੀਆਂ ਦਾ ਚੱਕਰ ਚਲਾਇਆ ਗਿਆ ਅਤੇ ਇਹਨਾਂ ਬੱਚਿਆਂ ਦੇ ਦੋ ਕਥਿਤ ਕਾਤਲਾਂ—ਬਿੱਲੇ ਤੇ ਰੰਗੇ—ਨੂੰ ਫੜਨ ਲਈ ਪੁਲਸ ਤੇ ਕਈ ਹੋਰ ਸੰਸਥਾਵਾਂ ਵਲੋਂ ਕੋਈ ਪੰਜਾਹ ਹਜ਼ਾਰ ਰੁਪਏ ਦੇ ਇਨਾਮਾਂ ਦਾ ਐਲਾਨ ਕੀਤਾ ਗਿਆ। ਪੁਲਸ ਦੀਆਂ ਵਿਸ਼ੇਸ਼ ਟੋਲੀਆਂ ਦੇਸ ਦੇ ਅੱਡ ਅੱਡ ਹਿੱਸਿਆਂ ਵਿਚ ਸੂਹ ਲਾਉਣ ਲਈ ਭੇਜੀਆਂ ਗਈਆਂ, ਹਿੰਦੁਸਤਾਨ ਭਰ ਦੀ ਪੁਲਸ ਫੋਰਸ ਤੇ ਹੋਰ ਅਮਲੇ-ਫੈਲੇ ਨੂੰ ਚੌਕਸ ਕੀਤਾ ਗਿਆ। ਇਕੱਲੀ ਬੰਬਈ ਪੁਲਸ ਨੇ ਆਪਣੇ 5,000 ਪੁਲਸ ਕਰਮਚਾਰੀਆਂ ਨੂੰ ਇਸ ਮੁਹਿੰਮ ਲਈ ਤਾਇਨਾਤ ਕੀਤਾ। ਰੱਖਿਆ ਵਜ਼ਾਰਤ ਨੇ ਦੋਨਾਂ ਬੱਚਿਆਂ ਦੇ ਨਾਂਵਾਂ ਦੀ ਰਾਸ਼ਟਰਪਤੀ ਨੂੰ ਬਹਾਦਰੀ ਦੇ ਮੈਡਲ ਦੇਣ ਲਈ ਸਿਫ਼ਾਰਸ਼ ਕੀਤੀ। ਬੱਚਿਆਂ ਦੀ ਸਦੀਵੀ ਯਾਦਗਾਰ ਉਸਾਰਨ ਜਾਂ ਉਹਨਾਂ ਦੇ ਨਾਂਵਾਂ ਉਤੇ ਅਗਾਂਹ ਨੂੰ ਬਹਾਦਰੀ-ਪੁਰਸਕਾਰ ਚਾਲੂ ਕਰਨ ਦੇ ਸੁਝਾਅ ਰੱਖੇ ਗਏ। ਅਖ਼ਬਾਰਾਂ ਨੇ ਇਹਨਾਂ ਕਤਲਾਂ ਸੰਬੰਧੀ ਸਨਸਨੀਖੇਜ਼ ਖ਼ਬਰਾਂ ਨਾਲ ਹਫ਼ਤਿਆਂ-ਬੱਧੀ ਸਫ਼ਿਆਂ ਦੇ ਸਫ਼ੇ ਕਾਲੇ ਕੀਤੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਮਾਸੂਮ ਜਿੰਦੜੀਆਂ ਦੇ ਬੇਕਿਰਕ ਤੇ ਵਹਿਸ਼ੀ ਕਤਲ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਇਸ ਤਰ੍ਹਾਂ ਦੇ ਕਤਲ ਕਰਨ ਵਾਲੇ ਪੇਸ਼ਾਵਰ ਮੁਜਰਮ ਗਰੋਹਾਂ ਦੀ ਪੁਲਸ ਨਾਲ ਮਿਲੀ-ਭੁਗਤ, ਜਾਂ ਸਮੇਂ ਸਿਰ ਇਤਲਾਹ ਮਿਲਣ ਤੇ ਪੁਲਸ ਵਲੋਂ ਵਰਤੀ ਅਣਗਹਿਲੀ ਮੁਜਰਮਾਨਾ ਹੈ ਅਤੇ ਇਸ ਸਬੰਧੀ ਸਰਕਾਰ ਦੀ ਸਖ਼ਤ ਤੋਂ ਸਖ਼ਤ ਨੁਕਤਾਚੀਨੀ ਕਰਨੀ ਜਾਂ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੋਈ ਸੰਘਰਸ਼ ਕਰਨਾ ਬਿਲਕੁਲ ਹੱਕੀ ਤੇ ਵਾਜਬ ਹੈ। ਹਰ ਅਮਨ-ਪਸੰਦ ਤੇ ਇਨਸਾਫ਼-ਪਸੰਦ ਸ਼ਹਿਰੀ ਦੀ ਇਹ ਮੰਗ ਹੈ ਕਿ ਇਹਨਾਂ ਬੱਚਿਆਂ ਦੇ ਘਿਨਾਉਣੇ ਕਤਲ ਲਈ ਜ਼ੁੰਮੇਵਾਰ ਵਿਅਕਤੀਆਂ ਨੂੰ ਫੜ ਕੇ ਕਾਨੂੰਨ ਮੁਤਾਬਕ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਕਸੂਰਵਾਰ ਪੁਲਸ ਅਫ਼ਸਰਾਂ ਵਿਰੁੱਧ ਵੀ ਕਾਰਵਾਈ ਕਰਨੀ ਚਾਹੀਦੀ ਹੈ। ਪਰ ਇਸ ਕਤਲ-ਕਾਂਡ ਨੇ ਕੁਝ ਕੁ ਮਹੱਤਵਪੂਰਨ ਸੁਆਲ ਉਭਾਰ ਕੇ ਸਾਡੇ ਸਾਹਮਣੇ ਲਿਆਂਦੇ ਹਨ ਜਿਹਨਾਂ ਬਾਰੇ ਹਰ ਸੂਝਵਾਨ ਸ਼ਹਿਰੀ ਲਈ ਗ਼ੌਰ ਕਰਨੀ ਤੇ ਸਪਸ਼ਟ ਜੁਆਬ ਹਾਸਲ ਕਰਨਾ ਜ਼ਰੂਰੀ ਹੋ ਜਾਂਦਾ ਹੈ।

**ਪਹਿਲੀ ਗੱਲ :** ਸਾਡੇ ਮੁਲਕ ਅੰਦਰ ਕਤਲ ਦੀ ਇਹ ਕੋਈ ਪਹਿਲੀ ਵਾਰਦਾਤ ਨਹੀਂ ਤੇ ਨਾਂ ਹੀ ਵਹਿਸ਼ੀਪਣੇ ਤੇ ਬੇਕਿਰਕੀ ਪੱਖੋਂ ਇਹ ਕੋਈ ਨਵੀਂ ਤੇ ਵਿਲੱਖਣ ਘਟਨਾ ਹੈ। ਜਗੀਰੂ ਧੌਂਸ ਤੇ ਲੁੱਟ-ਖਸੁੱਟ ਉਤੇ ਅਧਾਰਤ ਮੁਲਕ ਦੇ ਸਿਆਸੀ-ਸਮਾਜੀ ਢਾਂਚੇ ਦਾ, ਇਹ ਜੁਰਮ ਤੇ ਕਤਲ ਸਥਾਈ ਲੱਛਣ ਬਣੇ ਹੋਏ ਹਨ ਅਤੇ ਹਰ ਰੋਜ਼ ਡਾਕਿਆਂ, ਕਤਲਾਂ, ਤੇ ਬਸਤੀਆਂ ਦੀ ਸਾੜ ਫੂਕ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਅਮਨ-ਕਾਨੂੰਨ ਦੇ ਰਖਵਾਲੇ ਖ਼ੁਦ ਇਸ ਗੱਲ ਵਿਚ ਕਿਸੇ ਤੋਂ ਪਿੱਛੇ ਨਹੀਂ। ਪੰਤਨਗਰ ਵਿਚ ਪੁਲਸ ਵਲੋਂ ਕਮਾਦ ਦੇ ਖੇਤਾਂ ਅੰਦਰ ਘੇਰ ਕੇ ਜਿਉਂਦੇ ਜੀਅ ਲੋਕਾਂ ਨੂੰ ਸਾੜਨ ਤੇ ਟਰੈਕਟਰਾਂ ਨਾਲ ਲਾਸ਼ਾਂ ਨੂੰ ਖੇਤਾਂ ਵਿਚ ਵਾਹੁਣ, ਬੈਲਾਡਿਲਾ ਵਿਚ ਪਹਾੜੀ ਇਲਾਕਿਆਂ ਚੋਂ ਭਾਲ ਭਾਲ ਕੇ ਖਾਣ-ਮਜ਼ਦੂਰਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣ, ਬੇਲਛੀ ਵਿਚ ਹਰੀਜਨ ਪਰਵਾਰਾਂ ਨੂੰ ਜਿਉਂਦੇ-ਜੀਅ ਉਹਨਾਂ ਦੀਆਂ ਛੱਪਰੀਆਂ 'ਚ ਸਾੜਨ ਤੇ ਪੁਲਸ ਵੱਲੋਂ ਅਣਮਨੁੱਖੀ ਤਸੀਹਿਆਂ ਨਾਲ ਇਨਕਲਾਬੀ ਨੌਜਵਾਨਾਂ ਨੂੰ ਪੁਲਸੀ ਠਾਣਿਆਂ ਵਿਚ ਕੋਹ ਕੋਹ ਕੇ ਕਤਲ ਕਰਨ ਦੀਆਂ ਦਿਲ ਕੰਬਾਊ ਘਟਨਾਵਾਂ ਇਸੇ ਮੁਲਕ ਵਿਚ ਹੀ ਵਾਪਰੀਆਂ ਹਨ ਤੇ ਉਹਨਾਂ ਲੋਕਾਂ ਜਾਂ ਪਾਰਟੀਆਂ ਸਾਹਮਣੇ ਵਾਪਰੀਆਂ ਹਨ ਜਿਹਨਾਂ ਦੀ ਜ਼ਮੀਰ ਇਸ ਕਤਲ ਨਾਲ ਜ਼ਰਬਾਂ ਖਾ ਖਾ ਝੰਜੋੜੀ ਗਈ ਹੈ। ਇਸ ਘਟਨਾ ਤੋਂ ਸਿਰਫ਼ ਦੋ ਹਫ਼ਤੇ ਪਹਿਲਾਂ ਹੀ ਜਮਸ਼ੇਦਪੁਰ 'ਚ ਬੇਕਾਰ ਸੁੱਟੇ ਲੋਹੇ ਦੇ ਢੇਰ ਤੋਂ ਟੁਕੜੇ ਚੁਗਦੇ 6 ਆਦਿਵਾਸੀਆਂ ਨੂੰ ਠੇਕੇਦਾਰਾਂ ਦੇ ਗੁੰਡਿਆਂ ਨੇ ਸਵਰਨ-ਰੇਖਾ ਨਦੀ ਦੇ ਸ਼ੂਕਦੇ ਪਾਣੀਆਂ ਵਿੱਚ ਡੁਬੋ ਕੇ ਮਾਰ ਦਿੱਤਾ ਸੀ। ਇਹਨਾਂ ਮਰਨ ਵਾਲਿਆਂ ਵਿੱਚ ਇੱਕ ਤੇਰਾਂ ਸਾਲਾਂ ਦੀ ਆਦਿਵਾਸੀ ਲੜਕੀ ਤੇ ਇੱਕ 6 ਸਾਲਾਂ ਦਾ ਮਾਸੂਮ ਬੱਚਾ ਸੀ, ਪਰ ਉਦੋਂ, ਨਾਂ ਕਿਸੇ ਦੀ ਇਸ ਬੇਰਹਿਮ ਕਤਲ 'ਤੇ ਜ਼ਮੀਰ ਹੀ ਝੰਜੋੜੀ ਗਈ, ਨਾਂ ਗੁੰਡਿਆਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾਵਾਂ ਦੇਣ ਦੀ ਗੱਲ ਹੋਈ। ਅਜਿਹਾ ਕਿਉਂ ?

**ਦੂਜੀ ਗੱਲ,** ਸਾਡੇ ਦੇਸ ਵਿਚ ਸਾਧਾਰਨ ਲੋਕਾਂ ਦੀਆਂ ਅਣਗਿਣਤ ਸਮੱਸਿਆਵਾਂ ਹਨ। ਹਰ ਸਾਲ ਭੁੱਖਮਰੀ ਹਜ਼ਾਰਾਂ ਲੋਕਾਂ ਨੂੰ ਨਿਗਲ ਲੈਂਦੀ ਹੈ, ਬਿਹਾਰ, ਯੂ. ਪੀ. ਵਗ਼ੈਰਾ ਸੂਬਿਆਂ ਵਿੱਚ ਜਗੀਰਦਾਰਾਂ ਹੱਥੋਂ ਹਰੀਜਨਾਂ ਦੇ ਹਰ ਰੋਜ਼ ਕਤਲ ਹੁੰਦੇ ਹਨ, ਬਸਤੀਆਂ ਦੀਆਂ ਬਸਤੀਆਂ ਸਾੜ ਦਿੱਤੀਆਂ ਜਾਂਦੀਆਂ ਹਨ। ਮਹਾਂਰਾਸ਼ਟਰ, ਬਿਹਾਰ, ਆਂਧਰਾ ਆਦਿਕ ਸੂਬਿਆਂ ਵਿੱਚ ਆਦਿਵਾਸੀਆਂ ਨੂੰ ਸਾਲਾਂ-ਬੱਧੀ ਵਗ਼ਾਰੀ ਬਣਾ ਕੇ ਰੱਖਿਆ ਹੋਇਆ ਹੈ। ਅਜਿਹੀਆਂ ਖ਼ਬਰਾਂ ਦਾ ਸਾਡੇ ਅਖ਼ਬਾਰਾਂ 'ਚ ਕਦੇ ਉੱਭਰਵਾਂ ਜ਼ਿਕਰ ਨਹੀਂ ਆਇਆ, ਪਰ ਸਿਰਫ਼ ਦੋ ਬੱਚਿਆਂ ਦੇ ਵਹਿਸ਼ੀ ਕਤਲ ਦੀਆਂ ਖ਼ਬਰਾਂ ਇਹ ਅਖ਼ਬਾਰਾਂ ਰਸਾਲੇ ਹਾਸ਼ੀਏ ਤੇ ਡੱਬੀਆਂ ਲਾ ਲਾ ਮੋਟੀਆਂ ਸੁਰਖੀਆਂ ਦੇ ਰੂਪ 'ਚ ਲਗਾਤਾਰ ਦਿੰਦੇ ਰਹੇ ਹਨ, ਦੂਜੇ ਪਾਸੇ, ਜਮਸ਼ੇਦਪੁਰ 'ਚ ਹੋਏ ਭਿਆਨਕ ਕਤਲ ਦੀ ਕਈ ਅਖ਼ਬਾਰਾਂ ਨੇ ਸਰਸਰੀ ਖ਼ਬਰ ਵੀ ਨਹੀਂ ਲਾਈ। ਇਹਨਾਂ ਦਿਨਾਂ ਦੌਰਾਨ ਹੀ ਹੜ੍ਹਾਂ ਦੇ ਸ਼ੂਕਦੇ ਪਾਣੀਆਂ ਨੇ ਹਜ਼ਾਰਾਂ ਜਾਨਾਂ, ਲੱਖਾਂ ਏਕੜ ਜ਼ਮੀਨ 'ਤੇ ਲਹਿ-ਲਹਾਉਂਦੀਆਂ ਫ਼ਸਲਾਂ ਤੇ ਘਰ ਬਾਰ ਨਿਗਲ ਲਏ, ਪਰ ਅਖ਼ਬਾਰਾਂ ਨੇ ਇਹਨਾਂ ਕਤਲਾਂ ਦੇ ਮੁਕਾਬਲੇ ਹੜ੍ਹ ਦੀਆਂ ਖ਼ਬਰਾਂ ਨੂੰ ਮਾਮੂਲੀ ਥਾਂ ਦਿੱਤੀ। ਜਗੀਰਦਾਰਾਂ ਦੇ ਗੁੰਡਿਆਂ ਵੱਲੋਂ ਕਤਲ ਕੀਤੇ ਜਾਣ ਵਾਲੇ ਕਿਸਾਨ ਆਗੂਆਂ ਜਾਂ ਝੂਠੇ ਪੁਲਸ ਮੁਕਾਬਲੇ ਬਣਾ ਕੇ

ਕਤਲ ਕੀਤੇ ਇਨਕਲਾਬੀ ਵਰਕਰਾਂ ਦਾ ਇਹਨਾਂ ਅਖ਼ਬਾਰਾਂ 'ਚ ਕਿਉਂ ਘੱਟ-ਵੱਧ ਹੀ ਜ਼ਿਕਰ ਆਉਂਦਾ ਹੈ ?

ਤੀਜੀ ਗੱਲ, ਦੋ ਬੱਚਿਆਂ ਦੇ ਕਾਤਲਾਂ ਨੂੰ ਗਿਰਫ਼ਤਾਰ ਕਰਨ ਕਰਨ ਲਈ ਜੇਕਰ ਪੁਲਸ ਐਡੀ ਵੱਡੀ ਪੱਧਰ 'ਤੇ ਹਰਕਤ ਵਿਚ ਆ ਸਕਦੀ ਹੈ ਤਾਂ ਜਗੀਰਦਾਰਾਂ ਵੱਲੋਂ ਆਪਣੇ ਗੁੰਡਿਆਂ ਰਾਹੀਂ ਦਰਜਨਾਂ ਦੇ ਦਰਜਨਾਂ ਹਰੀਜਨਾਂ ਨੂੰ ਕਤਲ ਕਰਨ ਉਤੇ ਪੁਲਸ ਵੱਲੋਂ ਕੋਈ ਵੀ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ? ਤੇ ਇਹਨਾਂ ਬੱਚਿਆਂ ਦੇ ਕਤਲ ਮਗਰੋਂ ਹੀ ਇਹਨਾਂ ਪੇਸ਼ਾਵਰ ਕਾਤਲਾਂ ਵਿਰੁੱਧ ਐਡੀ ਵੱਡੀ ਕਾਰਵਾਈ ਕੀਤੀ ਗਈ, ਪਹਿਲਾਂ ਕਿਉਂ ਨਹੀਂ ਸੀ ਕੀਤੀ ਜਾ ਸਕਦੀ ?

ਚੌਥੀ ਗੱਲ, ਪੇਸ਼ਾਵਰ ਮੁਜਰਮਾਂ ਦੇ ਖ਼ੂੰਨੀ ਪੰਜਿਆਂ 'ਚ ਜਾਨ ਗੁਆਉਣ ਵਾਲੇ ਇਹਨਾਂ ਬੱਚਿਆਂ ਦੀ ਸਦੀਵੀ ਯਾਦਗਾਰ ਬਣਾਉਣ, ਬਹਾਦਰੀ ਦੇ ਤਗਮੇ ਦੇਣ ਜਾਂ ਇਹਨਾਂ ਦੇ ਨਾਂਅ 'ਤੇ ਇਨਾਮ ਰੱਖਣ ਦੀਆਂ ਗੱਲਾਂ ਹੀ ਕਿਉਂ ਕੀਤੀਆਂ ਜਾ ਰਹੀਆਂ ਹਨ ? ਜਗੀਰੂ ਜਬਰ ਤੇ ਲੁੱਟ-ਖਸੁੱਟ ਵਿਰੁੱਧ ਬਹਾਦਰੀ ਨਾਲ ਲੜਨ ਵਾਲੇ ਕਿਸਾਨ ਆਗੂਆਂ ਦੇ ਸਿਰਾਂ ਤੇ ਇਨਾਮ ਕਿਉਂ ਰੱਖੇ ਗਏ ਹਨ ?

ਉਪਰੋਕਤ ਸਾਰੇ, ਅਤੇ ਇਹੋ ਜਿਹੇ ਹੋਰ ਸਵਾਲ ਕੋਈ ਨਾ-ਬੁੱਝੀ-ਜਾ-ਸਕਣ-ਵਾਲੀ ਬੁਝਾਰਤ ਨਹੀਂ ਸਗੋਂ, ਦੋਨਾਂ ਕਿਸਮ ਦੀਆਂ ਘਟਨਾਵਾਂ 'ਤੇ ਸਰਸਰੀ ਝਾਤ ਮਾਰਿਆਂ ਹੀ ਗੱਲ ਸਾਫ਼ ਹੋ ਜਾਂਦੀ ਹੈ। ਜਮਸ਼ੇਦਪੁਰ, ਬੇਲਛੀ, ਬੈਲਾਡਿਲਾ ਜਾਂ ਹੋਰਨਾਂ ਅਜਿਹੀਆਂ ਥਾਂਵਾਂ 'ਤੇ ਮਰਨ ਵਾਲੇ ਵਿਅਕਤੀ ਗ਼ਰੀਬ ਆਦਿਵਾਸੀ ਜਾਂ ਮਜ਼ਦੂਰ ਸਨ. ਜਦ ਕਿ ਦਿੱਲੀ ਵਿੱਚ ਕਤਲ ਕੀਤੇ ਜਾਣ ਵਾਲੇ ਬੱਚੇ ਇਕ ਉੱਚ-ਘਰਾਣੇ ਤੇ ਅਫ਼ਸਰ ਦੇ ਬੱਚੇ ਸਨ। ਸਮਾਜ ਦੇ ਭਾਗਵਾਨ ਤਬਕਿਆਂ ਦੇ ਨੁਮਾਇੰਦਾ ਸਰਮਾਏਦਾਰ-ਜਗੀਰਦਾਰ ਜਮਾਤੀ ਰਾਜ ਵਿੱਚ ਪਹਿਲੇ, ਨਿਆਸਰੇ ਹਨ, ਲੁੱਟ-ਖੋਹ ਤੇ ਦਾਬੇ ਦਾ ਸ਼ਿਕਾਰ ਹਨ ਤੇ ਕਿਸੇ ਵੀ ਸੁਣਵਾਈ ਜਾਂ ਦੱਸ-ਪੁੱਛ ਤੋਂ ਵਾਂਝੇ ਹਨ, ਜਦੋਂ ਕਿ ਦੂਜੇ, ਰਾਜ-ਭਾਗ ਦੀਆਂ ਮਾਲਕ ਜਮਾਤਾਂ ਵਿਚੋਂ ਹਨ. ਉਹਨਾਂ ਦੇ ਸਿਰ 'ਤੇ ਰਾਜਸੱਤਾ ਦੀ ਛਤਰਛਾਇਆ ਹੈ ਅਤੇ ਹਾਕਮ ਜਮਾਤਾਂ ਦੀਆਂ ਪਾਰਟੀਆਂ ਤੇ ਅਖ਼ਬਾਰਾਂ ਰਾਹੀਂ ਉਹਨਾਂ ਦੇ ਬੋਲਾਂ ਦੀ ਸੁਣਵਾਈ ਹੁੰਦੀ ਤੇ ਪੁੱਗਦੀ ਹੈ। ਅਫ਼ਸਰ, ਪੁਲਸ ਤੇ ਅਖ਼ਬਾਰ ਸਭ ਇਹਨਾਂ ਹੀ ਜਮਾਤਾਂ ਦੇ ਤਾਬਿਆਦਾਰ ਹਨ। ਲੁਟੇਰੀਆਂ ਜਮਾਤਾਂ ਦੇ ਰਾਜ ਵਿੱਚ, ਮਿਹਨਤਕਸ਼ ਲੋਕਾਂ ਨੂੰ ਉੱਪਰਲੇ ਤਬਕੇ ਦੇ ਲੋਕਾਂ ਵਾਂਗ ਜਿਉਣ ਦਾ ਕੋਈ ਹੱਕ ਨਹੀਂ, ਉਹਨਾਂ ਨੂੰ ਇਨਸਾਨ ਨਹੀਂ, ਇਹਨਾਂ ਤਾਂ ਲਈ ਕੰਮ ਕਰਨ ਵਾਲੇ ਹੈਵਾਨ ਸਮਝਿਆ ਜ ਜਮਸ਼ੇਦਪੁਰ, ਬੇਲਛੀ ਆਦਿਕ ਥਾਂਵਾਂ ਉਤੇ ਸਰਕਾਰ ਦੇ ... ਵੱਲੋਂ ਧਾਰੀ ਚੁੱਪ ਤੇ ਦਿੱਲੀ 'ਚ ਹੋਏ ਕਤਲਾਂ ਬਾਰੇ ਸਾਰ ਰਾਜ-ਮਸ਼ੀਨਰੀ, ਪਰੈੱਸ ਤੇ ਪਾਰਟੀਆਂ ਦੇ ਪੱਬਾਂ ਭਾਰ ਹੋ ... ਦਾ ਇਹੋ ਰਾਜ਼ ਹੈ।

(ਲੋਕਰਾਜ ਦੇ ਧੰਨਵਾਦ ਸਹਿਤ)


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj





**If you are looking for**
***Quality**
*** Quality**
*** Price**
*** After sale service when buying your car contact**
**Kuldip S. Jhand**



ਕਿਸੇ ਪਰਕਾਰ ਦੀ ਕਾਰ ਖ਼ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



Office
**521-7731**
Res. 524-4137

**WESTMINSTER CHEVROLET-OLDSMOBILE**
12 th Ave. at Queens Ave
New West Minster



**PAC APPLIANCE LTD.**

**PLUMBING SERVICE & REPAIR**

**24 HOUR EVERY DAY BUS. 876-2438**

**32nd & MAIN ST.**

**PLUMBING & DRAINAGE**
SINKS - TOILETS - HOT WATER HEATERS
SUMPS - DRAIN TILE - SEWERS

QUICK ECONOMICAL DRAIN CLEANING
PROFESSIONAL INSTALLATION & REPAIR ON ALL PLUMBING & DRAINAGE

★ REPAIRS & REPLACEMENT PARTS
★ RANGES & STOVES — ALL BRANDS
★ REFRIGERATORS & FREEZERS
★ WASHING MACHINES & DRYERS
★ REPAIRS MADE IN YOUR HOME

**EMERGENCY CALL**
**872-8043 | 435-0073**

## ਕੇਸਰ ਸਿੰਘ ਦਾ ਨਵਾਂ ਨਾਵਲ:

# ਸ਼ਹੀਦ ਮੇਵਾ ਸਿੰਘ

ਸਫ਼ੇ 408 ; ਕੀਮਤ 5 ਡਾਲਰ
ਪ੍ਰਕਾਸ਼ਕ: ਕੇਸਰ ਸਿੰਘ ਸਰੀ, ਕੈਨੇਡਾ, 1978

ਸ਼ਹੀਦ ਮੇਵਾ ਸਿੰਘ ਕੇਸਰ ਸਿੰਘ ਦਾ ਛੇਵਾਂ ਨਾਵਲ ਹੈ। ਕੈਨੇਡਾ ਵਿਚ ਵਸਦੇ ਭਾਰਤੀਆਂ ਲਈ ਇਹ ਵਿਸ਼ੇਸ਼ ਮਹੱਤਤਾ ਰਖਦਾ ਹੈ ਕਿਉਂਕਿ ਮੇਵਾ ਸਿੰਘ ਵੈਨਕੂਵਰ ਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿਚ ਕੰਮ ਕਰਦਾ, ਆਪਣੇ ਹਮਵਤਨਾਂ ਲਈ ਸੋਚਦਾ, ਜੂਝਦਾ, ਜੇਲ੍ਹਾਂ ਕਟਦਾ ਅਤੇ ਵੈਨਕੂਵਰ ਵਿਚ ਹੀ ਫ਼ਾਂਸੀ ਦਾ ਰੱਸਾ ਚੁੰਮ ਕੇ ਤਰ ਗਿਆ।

ਕੇਸਰ ਸਿੰਘ ਵਿਸਰੇ ਸ਼ਹੀਦਾਂ ਦੀ ਯਾਦ ਨੂੰ ਜ਼ਿੰਦਾ ਕਰਨ ਵਾਲਾ ਪੰਜਾਬੀ ਦਾ ਪ੍ਰਮੁੱਖ ਨਾਵਲਕਾਰ ਹੈ। ਮੇਵਾ ਸਿੰਘ ਭਾਵੇਂ ਵੈਨਕੂਵਰ ਦੇ ਲੋਕਾਂ ਲਈ ਵਿਸਰਿਆ ਸ਼ਹੀਦ ਨਹੀਂ- ਹਰ ਸਾਲ ਉਸ ਦੀ ਬਰਸੀ ਮਨਾਈ ਜਾਂਦੀ ਹੈ। ਫੇਰ ਵੀ ਕੇਸਰ ਸਿੰਘ ਦੀ ਕਲਮ ਰਾਹੀਂ ਉਹ ਪਹਿਲੀਵਾਰ ਨਿੱਖਰੇ ਰੂਪ ਵਿਚ ਉਜਾਗਰ ਹੋਇਆ ਹੈ- ਉਸ ਦੀ ਸ਼ਖ਼ਸੀਅਤ ਜ਼ਿਆਦਾ ਭਰਵੀਂ ਤੇ ਯਥਾਰਥਕ ਬਣਕੇ ਸਾਡੇ ਸਾਹਮਣੇ ਆਈ ਹੈ। ਇਸੇ ਤਰ੍ਹਾਂ, ਨਾਵਲ ਵਿਚ ਉਸ ਸਮੇਂ ਦੇ ਕੈਨੇਡਾ ਵਿਚਲੇ ਭਾਰਤੀਆਂ ਦਾ ਸਮੁੱਚਾ ਜੀਵਨ ਚਿਤ੍ਰਣ, ਮੇਵਾ ਸਿੰਘ ਦੇ ਸਾਥੀਆਂ ਰਾਹਨੁਮਾਵਾਂ ਭਾਗ ਸਿੰਘ, ਸੋਹਣ ਲਾਲ ਪਾਠਕ ਅਤੇ ਬਲਵੰਤ ਸਿੰਘ ਵਰਗੀਆਂ ਸ਼ਖ਼ਸੀਅਤਾਂ ਦਾ ਉਘਾੜਨਾ, ਕੈਨੇਡੀਅਨ ਤੇ ਬਰਤਾਨਵੀ ਸਰਕਾਰ ਦਾ ਏਸ਼ੀਆਈ ਲੋਕਾਂ ਪ੍ਰਤੀ ਨਸਲੀ ਰੋਲ ਨੰਗਾ ਹੋਣਾ, ਵੀ ਉਤਨੀ ਹੀ ਮਹੱਤਤਾ ਵਾਲੀ ਗੱਲ ਹੈ।

ਮੇਵਾ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਕੁਰਬਾਨੀਆਂ ਸਦਕਾ ਉਨ੍ਹਾਂ ਪਿਛੋਂ ਕੈਨੇਡਾ ਵਿੱਚ ਰਹਿਣ ਵਾਲੇ ਭਾਰਤੀਆਂ ਦੇ ਜੀਵਨ ਵਿੱਚ ਉਤਸ਼ਾਹ ਭਰਪੂਰ ਇਕ ਨਵਾਂ ਮੋੜ ਆਇਆ। ਕੇਸਰ ਸਿੰਘ ਦੀ ਕਲਮ ਸਦਕਾ ਇਸ ਇਤਿਹਾਸਕ ਮੋੜ ਤੇ ਅੱਜ ਨਵਾਂ ਚਾਨਣ ਡੁਲ੍ਹਿਆ ਹੈ। ਇਸ ਲਈ ਅਸੀਂ ਸ਼ਹੀਦ ਮੇਵਾ ਸਿੰਘ ਦੇ ਛਪਣ ਨੂੰ ਤਹਿਦਿਲੋਂ ਜੀ ਆਇਆਂ ਆਖਦੇ ਹਾਂ ਤੇ ਨਾਲ ਹੀ ਕੇਸਰ ਸਿੰਘ ਦੇ ਵੀ ਧੰਨਵਾਦੀ ਹਾਂ ਜਿਸਨੇ ਚੌਦਾਂ ਸਾਲਾਂ ਦੀ ਮਿਹਨਤ ਨਾਲ ਇਸ ਨੂੰ ਸਿਰੇ ਚਾੜ੍ਹ ਕੇ ਪੰਜਾਬੀਆਂ ਨੂੰ ਇਕ ਬਹੁਮੁੱਲੀ ਸੁਗਾਤ ਪੇਸ਼ ਕੀਤੀ ਹੈ। ਮੇਰੀ ਰਾਇ ਵਿਚ ਇਹ ਨਾਵਲ ਹਰ ਪੰਜਾਬੀ ਜਾਨਣ ਵਾਲੇ ਭਾਰਤੀ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਹਰ ਘਰ ਵਿਚ ਇਸ ਦੀ ਘੱਟੋ ਘੱਟ ਇਕ ਕਾਪੀ ਜ਼ਰੂਰ ਹੋਣੀ ਚਾਹੀਦੀ ਹੈ।

ਅਜਮੇਰ ਰੋਡੇ

ਮਿਲਣ ਦਾ ਪਤਾ:

1. Mr. KESAR SINGH
13487-98A Ave.
Surrey, B.C. V3T 1C7
Telephone: 581-3185

2. PUNJABI LITERARY ASSOCIATION
P.O. BOX 67744 VANCOUVER B.C.

3. WATNO DUR
P.O. BOX 67681
VANCOUVER B.C.


ਸ਼ਹੀਦ ਮੇਵਾ ਸਿੰਘ

## ਸ਼ਹੀਦ ਮੇਵਾ ਸਿੰਘ ਨਾਵਲ ਵਿਚੋਂ:

ਗੁਰਦੁਆਰੇ ਵਿਚ ਗੋਲੀ ਚਲਾ ਕੇ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਕਤਲ ਕਰਨ ਤੇ ਹੋਰ ਕਈ ਬੰਦਿਆਂ ਨੂੰ ਜ਼ਖ਼ਮੀ ਕਰਨ ਦੇ ਦੋਸ਼ ਵਿਚ ਬੇਲਾ ਸਿੰਘ ਉਤੇ ਚਲਾਏ ਜਾ ਰਹੇ ਮੁਕੱਦਮੇ ਦੀ ਅਜ ਤਰੀਕ ਸੀ। ਮੁਕੱਦਮਾ ਦਸ ਵਜੇ ਸ਼ੁਰੂ ਹੋਣਾ ਸੀ। ਦਸ ਵਜਣ ਵਿਚ ਕੁਝ ਹੀ ਮਿੰਟ ਬਾਕੀ ਸਨ।

ਵਿਲੀਅਮ ਹਾਪਕਿਨਸਨ 'ਹੋਵ-ਸਟਰੀਟ ਦੇ ਦਰਵਾਜ਼ੇ ਰਾਹੀਂ ਐਲੀਵੇਟਰ ਉਤੇ ਸੁਆਰ ਹੋ ਕੇ ਐਸਾਈਜ਼ ਕੋਰਟ ਵਲ ਜਾ ਰਿਹਾ ਸੀ। ਉਸ ਨੇ ਗਵਾਹਾਂ ਵਾਲੇ ਕਮਰੇ ਵਲ ਤੱਕਿਆ। ਇਕ ਪਾਸੇ ਬੇਲਾ ਸਿੰਘ ਦੇ ਹਾਮੀ ਬਾਬੂ ਸਿੰਘ, ਗੰਗਾ ਰਾਮ, ਪ੍ਰਤਾਪ ਸਿੰਘ ਹੋਰੀਂ ਖੜੇ ਸਨ। ਦੂਜੇ ਪਾਸੇ ਸੋਹਣ ਲਾਲ, ਮੇਵਾ ਸਿੰਘ, ਕਾਬਲ ਸਿੰਘ, ਭਗਤ ਸਿੰਘ, ਬੰਤਾ ਸਿੰਘ, ਸੁੰਦਰ ਸਿੰਘ ਤੇ ਜਵਾਲਾ ਸਿੰਘ ਖੜੇ ਸਨ। ਇਨ੍ਹਾਂ ਨੇ ਗੁਰਦੁਆਰਾ ਗੋਲੀ-ਕਾਂਡ ਦੇ ਸਬੰਧ ਵਿਚ ਗਵਾਹੀਆਂ ਦੇਣੀਆਂ

ਸਨ। ਅਜ ਦੇ ਕੇਸ ਵਿਚ ਚੀਫ ਡੀਫੈਂਸ ਵਿਟਨੈਸ ਵਿਲੀਅਮ ਹਾਪਕਿਨਸਨ ਨੇ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣੀ ਸੀ।

ਛੇ-ਫੁਟ ਉਚਾ ਲੰਮਾ, ਨਾ ਪਤਲਾ ਨਾ ਮੋਟਾ ਢੁਕਵਾਂ ਸਰੀਰ, ਨੀਲੇ ਸੂਟ, ਅਸਮਾਨੀ ਰੰਗੀ ਨਕਟਾਈ ਤੇ ਕਾਲੇ ਚਮਕਦੇ ਬੂਟਾਂ ਵਿਚ ਉਹ ਨਾ ਪੁਲਸ-ਅਫਸਰ ਤੇ ਨਾ ਹੀ ਇਮੀਗਰੇਸ਼ਨ ਮਹਿਕਮੇ ਦਾ ਅਫਸਰ ਜਾਪ ਰਿਹਾ ਸੀ। ਉਹ ਇਕ ਵਪਾਰੀ ਜਾਂ ਕਿਸੇ ਚੰਗੇ ਦਫਤਰ ਦਾ ਅਹੁਦੇਦਾਰ ਦਿਸ ਰਿਹਾ ਸੀ। ਉਸ ਨੇ ਆਪਣੇ ਹੱਥ ਪਤਲੂਨ ਦੀਆਂ ਜੇਬਾਂ ਵਿਚ ਪਾਏ ਹੋਏ ਸਨ। ਉਸ ਨੇ ਜੇਬ ਵਿਚੋਂ ਸੱਜਾ ਹੱਥ ਕਢ ਕੇ ਬਾਬੂ ਸਿੰਘ ਹੋਰਾਂ ਵਲ ਹਿਲਾਇਆ। ਫਿਰ ਉਸ ਨੇ ਸੋਹਣ ਲਾਲ ਹੋਰਾਂ ਕੋਲੋਂ ਲੰਘਦਿਆਂ ਉਨ੍ਹਾਂ ਵਲ ਘੂਰੀ ਪਾ ਕੇ ਤੱਕਿਆ।

ਮੇਵਾ ਸਿੰਘ ਨੇ ਆਪਣੇ ਕੋਟ ਦੀਆਂ ਜੇਬਾਂ ਵਿਚੋਂ ਹੱਥ ਕਢਦਿਆਂ, ਕੋਰਟ ਦੀਆਂ ਪੌੜੀਆਂ ਚੜ੍ਹਨ ਲਗੇ ਹਾਪਕਿਨਸਨ ਨੂੰ 'ਵਾਜ ਮਾਰੀ, "ਹਾਪਕਿਨਸਨ!" ਉਸ ਨੇ ਪਿਛੇ ਮੁੜ ਕੇ ਵੇਖਿਆ ਹੀ ਸੀ ਕਿ ਮੇਵਾ ਸਿੰਘ ਨੇ ਆਪਣੇ ਕੋਟ ਦੀਆਂ ਦੋਹਾਂ ਜੇਬਾਂ ਵਿਚੋਂ ਦੋ ਰੀਵਾਲਵਰ ਫੁਰਤੀ ਨਾਲ ਕਢੇ ਤੇ ਇਕ-ਦਮ ਗੋਲੀ ਚਲਾ ਦਿਤੀ। ਮੇਵਾ ਸਿੰਘ ਨੇ ਪਹਿਲੀ ਗੋਲੀ ਹਾਪਕਿਨਸਨ ਦੀ ਛਾਤੀ ਵਿਚ ਮਾਰੀ। ਹਾਪਕਿਨਸਨ ਨੇ ਮੇਵਾ ਸਿੰਘ ਨੂੰ ਫੜਨ ਦਾ ਯਤਨ ਕੀਤਾ। ਮੇਵਾ ਸਿੰਘ ਨੇ ਇਕ ਹੋਰ ਗੋਲੀ ਉਸ ਦੀ ਛਾਤੀ ਵਿਚ ਹੀ ਮਾਰੀ। ਉਹ ਮੇਵਾ ਸਿੰਘ ਦੇ ਗੋਡਿਆਂ ਉਤੇ ਡਿਗ ਪਿਆ ਤੇ ਉਸ ਦੇ ਪੈਰਾਂ ਵਿਚ ਜਾ ਡਿਗਾ। ਮੇਵਾ ਸਿੰਘ ਨੇ ਇਕ ਰੀਵਾਲਵਰ ਦੀਆਂ ਸਾਰੀਆਂ ਗੋਲੀਆਂ ਵਿਲੀਅਮ ਹਾਪਕਿਨਸਨ ਉਤੇ ਚਲਾ ਕੇ ਰੀਵਾਲਵਰ ਖ਼ਾਲੀ ਕਰ ਦਿਤਾ। ਹਾਪਕਿਨਸਨ ਲਹੂ ਵਿਚ ਲੱਥ-ਪੱਥ ਹੋਇਆ ਤੜਫ ਰਿਹਾ ਸੀ। ਮੇਵਾ ਸਿੰਘ ਆਪਣੀ ਥਾਂ ਉਤੇ ਹੀ ਖੜਾ ਰਿਹਾ। ਉਸ ਦਾ ਦੂਜਾ ਰੀਵਾਲਵਰ ਅਜੇ ਗੋਲੀਆਂ ਨਾਲ ਭਰਿਆ ਹੋਇਆ ਸੀ।

ਜੇਮਜ਼ ਬਰਨਾਰਡ ਮੈਕਕੈਨਜ਼ ਨੇ ਗੋਲੀ ਦੀ ਅਵਾਜ਼ ਸੁਣੀ। ਉਹ ਭੱਜ ਕੇ ਮੌਕੇ ਉਤੇ ਪਹੁੰਚਾ। ਉਸ ਨੇ ਮੇਵਾ ਸਿੰਘ ਨੂੰ ਕਿਹਾ ਕਿ ਦੋਵੇਂ ਰੀਵਾਲਵਰ ਉਸ ਨੂੰ ਦੇ ਦੇਵੇ। ਉਸ ਨੇ ਮੇਵਾ ਸਿੰਘ ਨੂੰ ਖੱਬੀ ਬਾਂਹ ਤੋਂ ਫੜ ਕੇ ਉਸ ਦਾ ਮੂੰਹ ਆਪਣੇ ਵਲ ਕਰਕੇ ਦੋਵੇਂ ਹਥਿਆਰ ਦੁਬਾਰਾ ਉਸ ਦੇ ਹਵਾਲੇ ਕਰ ਦੇਣ ਦੀ ਮੰਗ ਕੀਤੀ। ਜਦ ਉਹ ਮੇਵਾ ਸਿੰਘ ਤੋਂ ਰੀਵਾਲਵਰ ਲੈਣ ਦਾ ਜਤਨ ਕਰ ਰਿਹਾ ਸੀ ਇਕ ਹੋਰ ਆਦਮੀ ਮੌਕੇ ਉਤੇ ਪਹੁੰਚ ਗਿਆ।

ਰਿਚਰਡ ਪੌਲੀ, 714-ਹੋਮਰ ਸਟਰੀਟ ਨੇ ਮੇਵਾ ਸਿੰਘ ਨੂੰ ਗੋਲੀ ਚਲਾਂਦਿਆਂ ਤੇ ਹਾਪਕਿਨਸਨ ਨੂੰ ਉਸ ਦੇ ਪੈਰਾਂ ਵਿਚ ਡਿਗਦਿਆਂ ਵੇਖਿਆ ਸੀ। ਇਹ ਫਿਸ਼ਰੀ ਇਨਸਪੈਕਟਰ ਕਦ ਦਾ ਗਿੱਠਾ, ਕਮਜ਼ੋਰ ਤੇ ਬੁਢਾ ਹੋ ਰਿਹਾ, ਹੋਣ ਕਰਕੇ ਝੱਟ ਕੇ ਅੱਗੇ ਨਾ ਹੋਇਆ। ਹੁਣ ਉਸ ਨੇ ਮੈਕਕੈਨਜ਼ ਦੀ ਮਦਦ ਕਰਨ ਲਈ ਮੌਕੇ ਉਤੇ ਪਹੁੰਚ ਕੇ ਮੇਵਾ ਸਿੰਘ ਨੂੰ ਕਿਹਾ ਕਿ ਉਹ ਦੋਵੇਂ ਰੀਵਾਲਵਰ ਉਨ੍ਹਾਂ ਦੇ ਹਵਾਲੇ ਕਰ ਦੇਵੇ। ਮੇਵਾ ਸਿੰਘ ਨੇ ਉੱਤਰ ਦਿਤਾ, "ਮੈਂ ਇਹ ਰੀਵਾਲਵਰ ਪੁਲਸ ਦੇ ਹਵਾਲੇ ਕਰਾਂਗਾ।" ਪਰ ਫਿਰ ਉਸ ਨੇ ਕੁਝ ਸੋਚ ਕੇ ਦੋਵੇਂ ਰੀਵਾਲਵਰ ਮੈਕਕੈਨਜ਼ ਤੇ ਪੌਲੀ ਦੇ ਹਵਾਲੇ ਕਰ ਦਿਤੇ।

ਏਨੀ ਦੇਰ ਨੂੰ ਖੁਫੀਆ ਪੁਲਸ ਦੇ ਦੋ ਬੰਦੇ ਪਹੁੰਚ ਗਏ। ਸੈਮ ਕਰੀਊ ਤੇ ਜਾਰਜ ਸਨਸਟਰਾਮ ਦੌੜ ਕੇ ਪਹੁੰਚੇ। ਨਾਲ ਹੀ ਇਕ ਹੋਰ ਖੁਫੀਆ ਪੁਲਸੀਆ ਨਾਰਮਨ ਮੈਕਡਾਨਲਡ ਪਹੁੰਚ ਗਿਆ।

ਮੈਕਕੈਨਜ਼ ਨੇ ਅਡੋਲ ਖਲੋਤੇ ਮੇਵਾ ਸਿੰਘ ਨੂੰ ਜੱਫਾ ਮਾਰਿਆ ਹੋਇਆ ਸੀ। ਉਸ ਨੇ ਮੇਵਾ ਸਿੰਘ ਨੂੰ ਧੱਕਾ ਦੇਂਦਿਆਂ ਮੈਕਡਾਨਲਡ ਨੂੰ ਕਿਹਾ ਕਿ ਉਹ ਉਸ ਨੂੰ ਗਰਿਫਤਾਰ ਕਰੇ। ਮੈਕਡਾਨਲਡ ਨੇ ਦੋਵੇਂ ਰੀਵਾਲਵਰ ਆਪਣੀਆਂ ਜੇਬਾਂ ਵਿਚ ਪਾ ਲਏ।

ਮੇਵਾ ਸਿੰਘ ਨੇ ਕਿਹਾ, "ਮੈਂ ਗੋਲੀ ਚਲਾਈ ਹੈ, ਮੈਨੂੰ ਕੋਈ ਪਰਵਾਹ ਨਹੀਂ।"

ਬੇਲਾ ਸਿੰਘ ਦੇ ਸਾਥੀ ਗੋਲੀ ਚੱਲਣ ਸਾਰ ਡਰ ਕੇ ਖਿਸਕ ਗਏ ਸਨ। ਮੇਵਾ ਸਿੰਘ ਦੇ ਸਾਥੀਆਂ ਨੇ ਸਾਰਾ ਹਾਦਸਾ ਦੇਖਿਆ ਤੇ ਉਹ ਵੀ ਕਚਹਿਰੀ ਵਿਚੋਂ ਬਾਹਰ ਨਿਕਲਣ ਲਈ ਤੁਰ ਪਏ। ਰਾਹ ਵਿਚ ਉਨ੍ਹਾਂ ਨੂੰ ਪੁਲਸ ਨੇ ਘੇਰ ਕੇ ਗਰਿਫਤਾਰ ਕਰ ਲਿਆ। ਸੋਹਣ ਲਾਲ ਜਿਥੇ ਪਹਿਲੋਂ ਖਲੋਤਾ ਸੀ ਉਥੇ ਹੀ ਖਲੋਤਾ ਰਿਹਾ, ਪੁਲਸ ਨੇ ਉਸ ਨੂੰ ਵੀ ਗਰਿਫਤਾਰ ਕਰ ਲਿਆ।

# ਦਰਦ ਕਹਾਣੀ

ਕੁਲਵੰਤ ਜਗਰਾਓਂ

ਤੂੰ ਤਾਂ ਸ਼ਿਵ ਜੀ
ਵਿਸ਼ ਦੀ ਇਕੋ ਮਟਕੀ ਪੀ ਕੇ
ਬਣ ਗਿਉਂ ਨੀਲ ਕੰਠ ਦੇਵਤਾ
ਇਕ ਮੈਂ ਹਾਂ ਕਿ ਰੋਜ਼ ਹੀ ਜਿਹੜਾ
ਰੋਟੀ ਵੇਲੇ ਅੱਕ ਚੱਬਦਾ ਹਾਂ
ਰੋਜ਼ੀ ਰੋਜ਼ ਮੂੰਹ ਵਿਚ ਧਤੂਰਾ ਪਾ ਜਾਂਦੀ ਹੈ
ਕਿਸੇ ਸੁਗੰਧ ਸਮੀਰ ਦੇ ਬਦਲੇ
ਮੈਨੂੰ ਮਿਲਿਆ ਪੱਥਰ ਦੇ ਕੋਇਲੇ ਦਾ ਧੂੰਆਂ
ਪਿਪਲੀ ਦੀ ਛਾਂ ਨੈਤੀ ਦੀ ਥਾਂ
ਸੜਦੀ ਲੂ ਹਿੱਸੇ ਆਈ ਹੈ
ਮਰੀਆਂ ਸੋਚਾਂ ਦੀਆਂ ਤਲੀਆਂ ਵਿਚ
ਭੁਰ ਗਏ ਹਨ ਚੋਹਲੀ ਦੇ ਕੰਢੇ
ਮਿਸ਼ਰੀ ਦੀ ਥਾਂ, ਰੇਤ ਦੇ ਢੱਕੇ ਨਾਲ
ਗੁਜ਼ਾਰਾ ਕਰਨਾ ਪੈਂਦੇ
ਜਿਹੜਾ ਵੀ ਪਾਣੀ ਪੀਂਦਾ ਹਾਂ
ਉਸ ਵਿਚ ਸਾਬਣ ਘੁਲਿਆ ਹੁੰਦੈ
ਠਰਿਆਂ ਮਿਠਿਆਂ ਬੋਲਾਂ ਦੀ ਥਾਂ
ਕੰਨਾਂ ਵਿਚ ਤੇਜ਼ਾਬ ਹੈ ਪੈਂਦਾ
ਫੁੱਲਾਂ ਤੇ ਕਲੀਆਂ ਦੇ ਸੁਪਨੇ
ਸਾਡੇ ਸਮੇਂ ਦੇ ਚਰ ਗਏ ਸਾਰੇ
ਤੇਰੇ ਨਾਲ ਤਾਂ ਸੱਪ ਸਨ ਬਸ ਕਲੋਲਾਂ ਕਰਦੇ
ਪਰ ਮੈਨੂੰ ਤਾਂ ਨਿੱਤ ਡਸਦੇ ਨੇ
ਸ਼ਿਵ ਜੀ, ਮੈਂ ਨਹੀਂ ਤੇਰੇ ਵਾਂਗ ਦੇਵਤਾ
ਮੈਂ ਤਾਂ ਬਸ ਇਕ ਲਘੂ ਮਨੁੱਖ ਹਾਂ
ਮੈਂ ਜੋ ਆਪਣੀ ਪੀੜ ਕਹੀ ਹੈ
ਸਭ ਜੀਵਿਆਂ ਦੀ ਹੀ ਪੀੜਾ ਹੈ
ਲੈਣ ਲਈ ਸੁਖ ਵਾਪਸ ਆਪਣੇ
ਸਾਨੂੰ ਵੀ ਤ੍ਰਿਸ਼ੂਲ ਉਠਾਣੀ ਹੀ ਪੈਣੀ ਹੈ।

0 0 0 0

ਡਬਲਿਊ ਏ. ਕੈਂਬਲ ਨੇ ਵੀ ਸਾਰਾ ਹਾਦਸਾ ਵੇਖਿਆ ਸੀ, ਪਰ ਉਸ ਨੇ ਕੋਈ ਹਿੱਸਾ ਨਾ ਲਿਆ ਤੇ ਇਕ ਨੁੱਕਰ ਵਿਚ ਖਲੋਤਾ ਰਿਹਾ।

ਪੁਲਸ ਚੀਫ਼ ਮੈਕਲੈਨਨ ਅਮਲੇ ਫੈਲੇ ਨੂੰ ਨਾਲ ਲੈ ਕੇ ਮੌਕੇ ਉਤੇ ਪਹੁੰਚ ਗਿਆ, ਹਾਪਕਿਨਸਨ ਦੀ ਲਾਸ਼ ਉਥੇ ਹੀ ਪਈ ਸੀ ਤਾਕਿ ਤਫ਼ਤੀਸ਼ ਹੋ ਸਕੇ।

ਅੱਜ ਦੀ ਕੋਰਟ ਦੀ ਕਾਰਵਾਈ ਲੇਟ ਹੋ ਗਈ।

ਜਦ ਮੇਵਾ ਸਿੰਘ ਦੀ ਤਲਾਸ਼ੀ ਲਈ ਗਈ ਤਾਂ ਉਸ ਦੀਆਂ ਜੇਬਾਂ ਵਿਚੋਂ ਤਿੰਨ ਸੌ ਛਿਆਸੀ ਡਾਲਰਾਂ ਦੇ ਚੈੱਕ ਨਿਕਲੇ। ਇਹ ਸਾਰੇ ਚੈੱਕ ਵਖੋ ਵਖਰੇ ਲੋਕਾਂ ਵਲੋਂ ਖ਼ਾਲਸਾ ਦੀਵਾਨ ਸੋਸਾਇਟੀ ਦੇ ਨਾਂ ਕੱਟੇ ਹੋਏ ਸਨ।

ਮੇਵਾ ਸਿੰਘ ਇਕ ਸੈੱਲ ਵਿਚ ਸੀ ਤੇ ਉਸ ਦੇ ਸਾਥੀ ਉਸ ਦੇ ਸਾਹਮਣੇ ਵਾਲੇ ਸੈੱਲ ਵਿਚ ਕੈਦ ਸਨ। ਸੋਹਣ ਲਾਲ ਤੇ ਉਸ ਦੇ ਸਾਥੀਆਂ ਦੀਆਂ ਨਜ਼ਰਾਂ ਮੇਵਾ ਸਿੰਘ ਦੀਆਂ ਨਜ਼ਰਾਂ ਨਾਲ ਮਿਲੀਆਂ। ਮੇਵਾ ਸਿੰਘ ਦੀਆਂ ਅੱਖਾਂ ਵਿਚ ਦ੍ਰਿੜ੍ਹਤਾ ਸੀ, ਉਸ ਦੇ ਚਿਹਰੇ ਉਤੇ ਸਫ਼ਲਤਾ ਦੀ ਝਲਕ ਸੀ।

ਮਿਸਟਰ ਡਬਲੀਊ ਐਚ. ਡੀ. ਲੈਂਡਨਰ ਨੇ ਮੇਵਾ ਸਿੰਘ ਦੇ ਸੈਲ ਦੇ ਬਾਹਰ ਖਲੋਤਿਆਂ ਪੁਛਿਆ, "ਕੀ ਤੇਰਾ ਨਾਮ ਮੇਵਾ ਸਿੰਘ ਹੈ।" ਮੇਵਾ ਸਿੰਘ ਨੇ 'ਹਾਂ' ਵਿਚ ਉੱਤਰ ਦਿਤਾ। ਫਿਰ ਉਸ ਨੇ ਪੁਛਿਆ, "ਕੀ ਤੂੰ ਮੈਨੂੰ ਪਛਾਣਦਾ ਹੈਂ?" ਮੇਵਾ ਸਿੰਘ ਨੇ ਫਿਰ 'ਹਾਂ' ਵਿਚ ਉੱਤਰ ਦਿਤਾ।

ਜਦ ਕਾਮਾਗਾਟਾ ਮਾਰੂ ਵੈਨਕੋਵਰ ਦੀ ਖਾੜੀ ਵਿਚ ਖੜਾ ਸੀ ਤੇ ਮੁਸਾਫ਼ਰਾਂ ਨੂੰ ਕੈਨੇਡਾ ਦੀ ਧਰਤੀ ਉਤੇ ਉਤਰਨ ਦੀ ਆਗਿਆ ਨਹੀਂ ਸੀ ਦਿਤੀ ਜਾ ਰਹੀ ਉਨ੍ਹਾਂ ਦਿਨਾਂ ਵਿਚ ਮੇਵਾ ਸਿੰਘ ਅਮਰੀਕਾ ਕੈਨੇਡਾ ਦੀ ਹਦ ਉਤੇ ਫੜਿਆ ਗਿਆ ਸੀ। ਉਸ ਨੂੰ ਹਨਟਿੰਗਟਨ ਕੋਰਟ ਵਿਚ ਪੇਸ਼ ਕੀਤਾ ਗਿਆ ਸੀ। ਉਥੇ ਉਸ ਨੂੰ ਪੰਜਾਹ ਡਾਲਰ ਜੁਰਮਾਨਾ ਹੋਇਆ ਸੀ। ਉਸ ਨੂੰ ਜੁਰਮਾਨਾ ਕਰਨ ਵਾਲਾ ਇਹ ਲੈਂਡਨਰ ਹੀ ਸੀ।

ਉਸ ਦੇ ਪਿਛੇ ਖਲੋਤੇ ਪੁਲਸ ਚੀਫ਼ ਨੇ ਪੁਛਿਆ, "ਮੈਨੂੰ ਮਿਸਟਰ ਲੈਂਡਨਰ ਤੋਂ ਪਤਾ ਲੱਗਾ ਹੈ ਕਿ ਹਾਪਕਿਨਸਨ ਨੇ ਤੈਨੂੰ ਅਮਰੀਕਾ ਤੋਂ ਹਥਿਆਰ ਲਿਆਉਂਦਿਆਂ ਫੜੇ ਜਾਣ ਸਮੇਂ ਛੁਡਾ ਦਿਤਾ ਸੀ ਤੇ ਉਹ ਤੇਰਾ ਦੋਸਤ ਸੀ। ਤੂੰ ਉਸ ਨੂੰ ਕਿਉਂ ਮਾਰਿਆ ਹੈ?"

"ਕੀ ਉਹ ਮਰ ਗਿਆ ਹੈ? ਕੀ ਇਹ ਗੱਲ ਠੀਕ ਹੈ? ਤਾਂ ਮੈਂ ਬਹੁਤ ਹੀ ਖ਼ੁਸ਼ ਹਾਂ।" ਮੇਵਾ ਸਿੰਘ ਨੇ ਦ੍ਰਿੜ੍ਹਤਾ ਨਾਲ ਉੱਤਰ ਦਿਤਾ।

o


*PAUL'S PLUMBING & ELECTRICAL SUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ। ਸਸਤੇ ਰੇਟਾਂ ਤੇ ਉਨ੍ਹਾਂ ਦੀ ਸੇਵਾ ਤੋਂ ਲਾਭ ਉਠਾਓ।

**ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ**
**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫ਼ੋਨ ਕਰੋ।**

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**


## ਗ਼ਜ਼ਲ - ਦੇਵ ਗਉਕੇ

ਸ਼ਾਹੀ ਮਹਿਲਾਂ ਵਾਲਿਓ - ਓ ਕੋਠੀਆਂ ਪਾਵਣ ਵਾਲਿਓ।
ਆਪ ਕੁੱਝ ਸੋਚੋ ਰਤਾ! ਅੰਨ੍ਹੀ ਮਚਾਵਣ ਵਾਲਿਓ।

ਹੁਣ ਸਮਾਂ ਹੈ ਆ ਗਿਆ, ਇਕ ਮੁੱਠ ਹੋ ਜਾਓ ਦੋਸਤੋ
ਦੁਨੀਆਂ ਭਰ ਦੇ ਕਿਰਤੀਓ - ਓ - ਲੁੱਟੇ ਜਾਵਣ ਵਾਲਿਓ।

ਕੌਣ ਜ਼ੁੰਮੇਂਵਾਰ ਹੈ? ਸੀਬੋ ਦੀ ਲੁੱਟੀ ਪੱਤ ਦਾ,
ਕੀ ਤੁਸੀਂ ਨਈਂ ਕੜਮਿਓਂ ਇਜ਼ਤ ਲੁਟਾਵਣ ਵਾਲਿਓ।

ਕਿਉਂ ਲਹੂ ਪੀਕੇ ਗਰੀਬਾਂ ਦਾ ਹੋ ਢਿੱਡ ਪਾਲਦੇ
ਪੂੰਜੀਪੱਤੀਓ ਜ਼ਾਲਮੋਂ ਸਾਨੂੰ ਸਤਾਵਣ ਵਾਲਿਓ।

ਡਰ ਨਹੀਂ ਸਕਦਾ ਇਹ ਸੂਰਜ, ਰੁਕ ਨਹੀਂ ਸਕਦਾ ਚੰਦ,
ਰੌਸ਼ਨੀ ਦੇ ਕਾਤਲੋ ਚਾਨਣ ਬੁਝਾਵਣ ਵਾਲਿਓ।

ਬੇਈਮਾਨੋਂ ਦੇਸ਼ ਕਿਉਂ ਬਰਬਾਦ ਕਰਦੇ ਹੋ ਮੇਰਾ,
ਸ਼ਰਮ ਖਾਓ! ਕੌਮ ਦੇ ਵਾਰਿਸ ਕਹਾਵਣ ਵਾਲਿਓ।

ਕਿਰਤ ਕਰਕੇ ਦੇਵ ਦੇ ਵਾਂਗੂ ਛੱਕੋ ਐ ਭੁੱਖੜੋ
ਵਿਹਲੇ ਬਹਿਕੇ ਰੋਜ਼ ਹੀ ਹਲਵੇ ਉਡਾਵਨ ਵਾਲਿਓ।


**SHAKTI GIFT**

**6576 MAIN STREET, VANCOUVER, B.C.**



**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

**Res. 327-8259 Bus. 321-6214**

SPECIALIST IN EAST INDIAN JEWELLERY
GIFTWARE & REPAIRS

ਹਰ ਤਰ੍ਹਾਂ ਦੇ ਗਹਿਣੇ ਬਣਾਉਣ ਲਈ ਸਾਡੀ ਦੁਕਾਨ ਤੇ ਆਓ।

# ਕਮਿਊਨਿਟੀ ਮਸਲੇ

### ਉਜੱਲ ਦੁਸਾਂਝ

ਬ੍ਰਿਟਿਸ਼ ਕੋਲੰਬੀਆ ਅਤੇ ਖ਼ਾਸ ਕਰਕੇ ਵੈਨਕੂਵਰ ਵਿਚ ਵੱਸ ਰਹੀ ਭਾਰਤੀ ਕਮਿਊਨਟੀ ਦਿਨ ਬਦਿਨ ਵੱਧ ਫੁੱਲ ਰਹੀ ਹੈ — ਇਹ ਦੇਖ ਕੇ ਮਨ ਬਹੁਤ ਪ੍ਰਸੰਨ ਹੁੰਦਾ ਹੈ। ਨਾਲ ਹੀ ਕੁਝ ਗੱਲਾਂ ਐਸੀਆਂ ਵੀ ਹਨ ਜਿਨ੍ਹਾਂ ਬਾਰੇ ਮਨ ਵਿਚ ਰੋਸ ਵੀ ਪੈਦਾ ਹੁੰਦਾ ਹੈ। ਜੋ ਕੁੱਝ ਗੱਲਾਂ ਮੈਂ ਕਹਿਣੀਆਂ ਚਾਹੁੰਦਾ ਹਾਂ ਉਹ ਘਟਨੀਆਂ ਆਪਣੀ ਅੱਜ ਦੀ ਹਾਲਤ ਦੇ ਖ਼ਿਲਾਫ਼ ਰੋਸ ਦੱਸਣ ਕਰਨੀਆਂ ਹਨ; ਇਸ ਕਰਕੇ ਖ਼ਿਆਲ ਹੈ ਉਹ ਘਟਨੀਆਂ — ਹੋ ਸਕਦਾ ਹੈ ਸਾਰੀਆਂ ਹੀ — ਨਾਂਹ ਵਾਚਕ ਹੋਣ। ਲੇਕਿਨ ਇਸ ਤੋਂ ਇਹ ਨਤੀਜਾ ਨਹੀਂ ਕੱਢਣਾ ਚਾਹੀਦਾ ਕਿ ਸਾਡੇ ਪਾਸ ਕੋਈ ਰਾਹ ਬਿਲਕੁਲ ਹੀ ਨਹੀਂ। ਮੇਰਾ ਇਹ ਕਹਿਣ ਦਾ ਬਿਲਕੁਲ ਭਾਵ ਨਹੀਂ।

ਹੁਣ ਅਸੀਂ ਇਕ ਸਰਮਾਏਦਾਰ-ਜਮਹੂਰੀਅਤ ਦੇ ਵਾਸੀ ਹਾਂ; ਜਿਸ ਵਿਚ ਇਕ ਖ਼ਾਸ ਹੱਦ ਅੰਦਰ ਸਾਨੂੰ ਆਪਣੇ ਵਿਚਾਰ ਆਜ਼ਾਦੀ ਨਾਲ ਪੇਸ਼ ਕਰਨ ਦੀ ਖੁੱਲ੍ਹ ਹੈ। ਪ੍ਰੈਸ ਦੀ ਆਜ਼ਾਦੀ ਹੈ — ਭਾਵ ਕਿ ਅਖ਼ਬਾਰਾਂ ਆਦਿ ਨੂੰ ਹੱਕ ਹੈ ਕਿ ਉਹ ਕਾਨੂੰਨ ਦੀ ਹੱਦ ਅੰਦਰ, ਸਰਕਾਰਾਂ, ਵਿਅਕਤੀਆਂ ਅਤੇ ਸੰਸਥਾਵਾਂ ਦੀ ਟੀਕਾ ਟਿੱਪਣੀ, ਆਲੋਚਨਾ, ਸਿੱਧਾ ਵਿਰੋਧ ਅਤੇ ਜੀਅ ਚਾਹੇ ਤਾਂ ਮੱਦਦ ਕਰ ਸਕਦੀਆਂ ਹਨ। ਅਖ਼ਬਾਰਾਂ ਅਤੇ ਅਫ਼ਰਾਦਾਂ ਦੇ ਉਲਟ ਇਥੋਂ ਦੀ ਸਰਕਾਰ ਪਾਸ ਕੋਈ ਤਾਕਤ ਨਹੀਂ ਕਿ ਉਹ ਤੁਹਾਨੂੰ ਸਿਰਫ਼ ਆਪਣੇ ਵਿਚਾਰ ਨਿਡਰ ਹੋ ਕੇ ਪੇਸ਼ ਕਰਨ ਦੇ ਦੋਸ਼ ਵਿਚ ਹੀ ਦੇਸ਼ ਨਿਕਾਲਾ ਦੇ ਸਕੇ।

ਬੋਲਣ, ਲਿਖਣ ਅਤੇ ਸੰਗਠਤ ਹੋਣ ਦੀ ਆਜ਼ਾਦੀ ਵਰਗੇ ਕੁਝ ਕੁ ਬੁਨਿਆਦੀ ਹੱਕ ਕੈਨੇਡਾ ਦੇ ਹੱਕਾਂ ਦੇ ਬਿੱਲ (CANADIAN BILL OF RIGHTS) ਵਿਚ ਦਰਜ ਹਨ। ਇਨ੍ਹਾਂ ਹੱਕਾਂ ਦੇ ਨਾਲ ਨਾਲ ਸਾਡੇ ਫ਼ਰਜ਼ ਵੀ ਹਨ ਜਿਹੜੇ ਕਿਤੇ ਵੀ ਦਰਜ ਨਹੀਂ ਹਨ ਪਰ ਆਮ ਤੌਰ ਤੇ ਸਵੀਕਾਰ ਕੀਤੇ ਜਾ ਚੁੱਕੇ ਹਨ ਜਿੰਨ੍ਹਾਂ ਵਿਚ — ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਕਿਸੇ ਵੀ ਮਸਲੇ ਉਪਰ ਆਪਣੀ ਰਾਇ ਦੇਣ ਤੋਂ ਪਹਿਲਾਂ ਉਸ ਮਸਲੇ ਨੂੰ ਚੰਗੀ ਤਰ੍ਹਾਂ ਵਿਚਾਰੀਏ। ਮੋਟੇ ਸ਼ਬਦਾਂ ਵਿਚ ਸਾਡੇ ਫ਼ਰਜ਼ ਇਕ ਫਿਕਰੇ ਵਿਚ ਬਿਆਨੇ ਜਾ ਸਕਦੇ ਹਨ — ਸਾਨੂੰ ਕੈਨੇਡਾ ਦੇ ਸਮਾਜ ਦੇ ਪ੍ਰਸੰਗ ਵਿਚ ਰਹਿੰਦੇ ਅਤੇ ਵਿਚਰਦੇ ਹੋਏ ਆਪਣੇ ਅਤੇ ਬਾਕੀ ਲੋਕਾਂ ਦੇ ਸਮਾਜਕ ਆਰਥਿਕ ਅਤੇ ਸਿਆਸੀ ਹੱਕਾਂ ਲਈ, ਜੋ ਹੱਕ ਹਾਸਲ ਹੋ ਚੁੱਕੇ ਹਨ ਉਨ੍ਹਾਂ ਦੀ ਪੂਰਤੀ ਅਤੇ ਰਾਖੀ ਲਈ, ਜੋ ਨਹੀਂ ਮਿਲੇ ਉਨ੍ਹਾਂ ਨੂੰ ਹਾਸਲ ਕਰਨ ਲਈ ਜੱਦੋ ਜਹਿਦ ਜਾਰੀ ਰੱਖਣੀ ਚਾਹੀਦੀ ਹੈ।

ਇਸ ਮੰਤਵ ਦੀ ਪੂਰਤੀ ਲਈ ਸਾਡੀ ਕਮਿਊਨਿਟੀ ਵਿਚ ਸੰਸਥਾਵਾਂ ਹਨ, ਵਿਅਕਤੀ ਹਨ, ਧੜੇ ਹਨ ਜੋ ਆਪਣਾ ਆਪਣਾ ਜ਼ੋਰ ਆਪੋ ਆਪਣੇ ਤਰੀਕੇ ਨਾਲ ਲਗਾ ਰਹੇ ਹਨ। ਜਦ ਸਧਾਰਨ ਪੱਧਰ ਤੇ ਅਸੀਂ ਕਮਜ਼ੋਰ ਨਜ਼ਰ ਆ ਰਹੇ ਹਾਂ ਅਤੇ ਅਸੀਂ ਪਰੀਵਾਰਕ ਸੰਬੰਧਾਂ, ਭਾਈਬੰਦੀਆਂ ਅਤੇ ਰਿਸ਼ਤੇਦਾਰੀਆਂ ਤੋਂ ਉਪਰ ਉੱਠ ਕੇ ਕਿਸੇ ਸਿਧਾਂਤਕ ਪੱਧਰ ਪੁਰ ਇਕੱਠੇ ਹੋ ਲੜਾਈ ਨਹੀਂ ਲੜ ਸਕਦੇ। ਮਿਸਾਲ ਵਜੋਂ ਸਾਡੀ ਕਮਿਊਨਿਟੀ ਵਿਚ ਧੜੇਬੰਦੀਆਂ ਕਿਸੇ ਸਿਆਸੀ ਨੁਕਤੇ ਤੋਂ ਸ਼ੁਰੂ ਹੋ ਕੇ ਵੀ ਪਰੀਵਾਰਕ ਸੰਬੰਧਾਂ ਦੇ ਆਧਾਰ ਉਪਰ ਵਿਅਕਤੀਆਂ ਦੀ ਵੰਡ ਤੱਕ ਹੀ ਸੀਮਤ ਹੋ ਜਾਂਦੀਆਂ ਹਨ। ਸਾਡੇ ਵਿਚੋਂ ਬਹੁਤੇ ਇਹ ਨਹੀਂ ਕਹਿ ਸਕਦੇ ਕਿ ਸਮਾਜਿਕ ਰਿਸ਼ਤੇ ਇਕ ਪਾਸੇ ਕਰਕੇ, ਸਿਆਸੀ ਅਸੂਲ, ਵਿਚਾਰ ਅਤੇ ਜਮਾਤੀ ਨਿਰਣੇ ਦੇ ਆਧਾਰ ਉਤੇ ਸਾਨੂੰ ਖੜੇ ਹੋਣਾ ਚਾਹੀਦਾ ਹੈ। ਅਸੀਂ ਆਮ ਕਰਕੇ ਪਰੀਵਾਰਕ ਸੰਬੰਧਾਂ ਵਿਚ ਹੀ ਉਲਝੇ ਰਹਿੰਦੇ ਹਾਂ — ਕਿਸੇ ਨੂੰ ਸਿਆਸੀ ਸਹਾਇਤਾ ਇਸ ਕਰਕੇ ਦਿੰਦੇ ਹਾਂ ਕਿਉਂਕਿ ਉਹ ਸਾਡਾ ਰਿਸ਼ਤੇਦਾਰ ਜਾਂ ਦੋਸਤ ਹੈ, ਇਸ ਕਰਕੇ ਨਹੀਂ ਕਿ ਉਹ ਕਿਸੇ ਚੰਗੇ ਸਿਆਸੀ ਅਸੂਲ ਉਪਰ ਖੜਾ ਹੈ।

ਅਸੀਂ ਕਈ ਵਾਰ ਸਮਾਜਿਕ ਦਬਾਅ ਤੋਂ ਡਰ ਕੇ ਸੱਚ ਬੋਲਣ ਤੋਂ ਝਿਜਕ ਜਾਂਦੇ ਹਾਂ। ਅੱਜ ਤੋਂ ਕੁਝ ਸਾਲ ਪਹਿਲਾਂ ਸਿਆਸੀ ਤੇ ਸਮਾਜਿਕ ਦਬਾਅ ਸਾਡੇ ਲੋਕਾਂ ਪੁਰ ਬੋਝ ਬਣੇ ਬੈਠੇ ਸਨ। ਸਮਾਜਿਕ ਅਤੇ ਸਿਆਸੀ ਕੀਮਤਾਂ ਨੂੰ ਵੰਗਾਰਨ ਵਾਲਿਆਂ ਨੂੰ DEPORTATION ਭਾਵ ਦੇਸ਼ ਨਿਕਾਲੇ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਸਨ ਅਤੇ ਨਾਲ ਨਾਲ ਹੀ ਸਮਾਜਿਕ ਰਿਸ਼ਤਿਆਂ ਅਤੇ ਕੀਮਤਾਂ ਦੇ ਵਾਸਤੇ ਪਾਏ ਜਾਂਦੇ ਸਨ। ਪਿਛਲੇ ਦਸ ਕੁ ਸਾਲ ਤੋਂ ਸਿਆਸੀ ਚੇਤੰਨਤਾ ਦੇ ਉਭਰਨ ਨਾਲ ਦੇਸ਼ਨਿਕਾਲੇ ਦੀਆਂ ਧਮਕੀਆਂ ਤਾਂ ਫੋਕੀਆਂ ਬਣ ਕੇ ਰਹਿ ਗਈਆਂ ਹਨ — ਪਰ ਸਮਾਜਿਕ ਦਬਾਅ ਅਜੇ ਵੀ ਕਈ ਵਿਅਕਤੀਆਂ (ਖ਼ਾਸ ਕਰਕੇ ਨੌਜਵਾਨਾਂ) ਉੱਤੇ ਭਾਰੂ ਹੋ ਜਾਂਦਾ ਹੈ ਅਤੇ ਸਾਡੀ ਕਮਿਊਨਿਟੀ ਦੇ ਬਹੁਤ ਸਾਰੇ ਕੀਮਤੀ ਹੀਰੇ ਫੋਕੀਆਂ ਕੀਮਤਾਂ ਹੇਠ ਦੱਬ ਕੇ ਰਹਿ ਜਾਂਦੇ ਹਨ। ਇਹ ਕਹਿਣ ਤੋਂ ਭਰਮਣਾ ਨਹੀਂ ਚਾਹੀਦਾ ਕਿ ਨੌਜਵਾਨ ਮਰਦ ਤਾਂ ਕਈ ਵਾਰ ਇਨ੍ਹਾਂ ਸ਼ਿਕੰਜਿਆਂ ਤੋਂ ਆਜ਼ਾਦ ਹੋ ਜਾਂਦੇ ਹਨ — ਪਰ ਨੌਜਵਾਨ ਔਰਤਾਂ ਇਨ੍ਹਾਂ ਕੀਮਤਾਂ ਦੀ ਕੈਦ ਵਿਚ ਆਪਣੇ ਆਪ ਦੱਬ ਘੁੱਟ ਕੇ ਰਹਿ ਜਾਂਦੀਆਂ ਹਨ। ਸਿਆਸੀ ਅਤੇ ਸਮਾਜਿਕ ਚੇਤੰਨਤਾ ਰੱਖਣ ਵਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਦਾ ਹੀ ਮਾੜੀਆਂ ਕੀਮਤਾਂ ਖ਼ਿਲਾਫ਼ ਲੜਾਈ ਜਾਰੀ ਰੱਖਣ।

ਬਹੁਤ ਵਾਰੀ ਅਸੀਂ ਗੱਲ ਦੀ ਪੜਤਾਲ ਕਰਨ ਤੋਂ ਬਿਨਾਂ ਹੀ ਉਸਨੂੰ ਸਵੀਕਾਰ ਕਰ ਲੈਂਦੇ ਹਾਂ,

ਅਤੇ ਕਿਸੇ ਗੱਲ ਤੇ ਯਕੀਨ ਵੀ ਛੇਤੀ ਹੀ ਕਰ ਲੈਂਦੇ ਹਾਂ – ਅਜਿਹੇ ਕਾਰਨਾਂ ਕਰਕੇ ਅਸੀਂ ਅਫ਼ਵਾਹਾਂ ਦਾ ਸ਼ਿਕਾਰ ਹੁੰਦੇ ਹਾਂ। ਅਫ਼ਵਾਹਾਂ ਜਿਨ੍ਹਾਂ ਦੀ ਕੋਈ ਬੁਨਿਆਦ ਨਹੀਂ ਹੁੰਦੀ। ਕਿਸੇ ਗੱਲ ਦਾ ਯਕੀਨ ਕਰਨ ਤੋਂ ਪਹਿਲਾਂ ਜਾਂ ਦੂਜੇ ਵਿਅਕਤੀ ਕੋਲ ਉਸੇ ਗੱਲ ਨੂੰ gospel ਦੀ ਤਰ੍ਹਾਂ ਪੇਸ਼ ਕਰਨ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਆਜ਼ਾਦ ਤੌਰ ਤੇ ਉਸ ਦਾ ਨਿਰਣਾ ਕਰੀਏ।

ਤਕਰੀਬਨ ਅਸੀਂ ਸਾਰੇ ਹੀ ਹਾਲਾਤਾਂ ਦੇ ਮਾਰੇ ਇਸ ਦੇਸ਼ ਵਿਚ ਚੰਗੀ ਰੋਜ਼ੀ ਦੀ ਭਾਲ ਵਿਚ ਆਏ ਹਾਂ। ਚੰਗੀ ਰੋਜ਼ੀ ਕਮਾਉਣ ਤੇ ਚੰਗਾ ਭਵਿੱਖ ਬਣਾਉਣ ਦੀ ਖ਼ਾਤਿਰ ਦਾ ਇਹ ਮਤਲਬ ਨਹੀਂ ਕਿ ਅਸੀਂ ਆਪਣੇ ਬੁਨਿਆਦੀ ਹੱਕਾਂ ਦਾ ਮਲੀਆ ਮੇਟ ਹੋਣ ਦੇਈਏ। ਆਮ ਕਰਕੇ ਹੁੰਦਾ ਕੀ ਹੈ ਕਿ ਕਈ ਸਿਆਸੀ ਅਤੇ ਸਮਾਜਿਕ ਤੌਰ ਤੇ ਚੇਤੰਨ ਵਿਅਕਤੀ ਵੀ ਸਿਰੀ-ਸਰਮਾਏਦਾਰ ਬਣ ਕੇ ਹੀ ਰਹਿ ਜਾਂਦੇ ਹਨ-ਕਾਰਣ ਕਿ ਉਹਨਾਂ ਦਾ ਟੀਚਾ ਹੀ ਪੈਸੇ ਬਣਾਉਣ ਤੱਕ ਹੀ ਸੀਮਤ ਹੋ ਜਾਂਦਾ ਹੈ। ਅਸੀਂ ਆਪਣੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਸੂਰ-ਬੀਰਾਂ ਨੂੰ ਭੁੱਲ ਜਾਂਦੇ ਹਾਂ। ਬੱਚਿਆਂ ਦੇ "ਭਵਿੱਖ" ਦਾ ਫ਼ਿਕਰ ਰਹਿੰਦਾ ਹੈ ਅਤੇ ਪਿੱਛੇ "ਪੱਕਿਆਂ" ਅਤੇ "ਖੇਤਾਂ" ਦੀ ਲੋੜ 'ਚ ਹੀ ਆਪਣੇ ਇੱਥੇ ਲਈ ਮੁਢਲੇ ਫ਼ਰਜ਼ ਅਸੀਂ ਅੱਖੋਂ ਉਹਲੇ ਕਰ ਛੱਡਦੇ ਹਾਂ। ਇਹ ਭੁੱਲ ਜਾਂਦੇ ਹਾਂ ਕਿ ਜੇ ਅਸੀਂ ਸਿਆਸੀ ਅਤੇ ਸਮਾਜਿਕ ਮਸਲਿਆਂ ਬਾਰੇ ਸੋਚਾ ਨਾ ਸੰਭਾਲਿਆ ਤਾਂ ਭਵਿੱਖ ਦੇ ਚੰਗੇਰੇ ਹੋਣ ਦਾ ਕੋਈ ਸਾਧਨ ਨਹੀਂ।

ਇਹਨਾਂ ਅਤੇ ਹੋਰ ਕਈਆਂ ਕਾਰਨਾਂ ਕਰਕੇ ਅਸੀਂ ਸਿਆਸੀ-ਜਮਾਤੀ (ਦੂਸਰੇ ਲਫ਼ਜ਼ਾਂ ਵਿਚ ਜਮਾਤੀ-ਸਿਆਸੀ) ਸੂਝ ਤੋਂ ਵਾਂਝਿਆਂ ਅਤੇ ਪਰ੍ਹੇ ਪਰ੍ਹੇ ਹੀ ਜਾ ਰਹੇ ਹਾਂ – ਅਤੇ ਲੋਕਾਂ ਦੇ ਦੁਸ਼ਮਣਾਂ ਅਤੇ ਮਿੱਤਰਾਂ ਵਿਚਾਲੇ ਬੁਨਿਆਦੀ ਫ਼ਰਕ ਦੀ ਸਾਡੀ ਸਮਝ ਨਹੀਂ ਪੈ ਰਿਹਾ।


ਖੱਬੇ ਪੱਖੀ ਲਹਿਰ ਦੀ ਏਕਤਾ ਦਾ ਅਲੰਬਰਦਾਰ
ਪੰਜਾਬੀ ਵਿਚ ਛਪਣ ਵਾਲਾ ਇਕੋ ਇਕ

ਮਾਸਕ ਪੱਤਰ

**'ਸੁਨੇਹੜੇ'**

ਚਿਠੀ ਪੱਤਰ ਲਈ ਪਤਾ
ਮਾਸਕ ਪੱਤਰ 'ਸੁਨੇਹੜੇ'
ਵਿਜੇ ਲੈਨ, ਜੀ. ਟੀ. ਰੋਡ,
ਫ਼ਗਵਾੜਾ
ਜ਼ਿਲਾ ਕਪੂਰਥਲਾ

ਚੰਦਿਆਂ ਦਾ ਵੇਰਵਾ
ਦੇਸ਼ —ਛਿਮਾਹੀ— 6-00 ਰੁਪਏ
ਸਲਾਨਾ—10-00 ਰੁਪਏ
ਪ੍ਰਦੇਸ—ਪੰਜ ਪੌਂਡ
ਦਸ ਡਾਲਰ



# Super Saver Grocery Store
# 6236 Fraser Street, Vancouver

## Come visit us for all your grocery requirements. We carry all kinds of East Indian groceries.

**ਹਰ ਇਕ ਕਿਸਮ ਦੀ ਗਰਾਸਰੀ ਜਿਵੇਂ ਕਿ :** ਵਧੀਆ ਦਾਲਾਂ, ਚਾਵਲ, ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ, ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ ਹੋਰ ਚੀਜ਼ਾਂ . ਘਟ ਕੀਮਤ ਤੇ ਲੈਣ ਲਈ ਹਮੇਸ਼ਾ ਯਾਦ ਰਖੋ

ਵਿਆਹਾਂ ਸ਼ਾਦੀਆਂ . ਅਖੰਡ ਪਾਠਾਂ ਧਾਰਮਿਕ ਕਾਰਜਾਂ ਲਈ ਖਾਸ ਰਿਆਇਤ।
ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

*Time: 9 a.m.-9 p.m. Seven days a week.*

**Tel.: Bus.: 324-1838,
Res.: 278-5802**



PAL

# ਸਿਰ ਦਾ ਭਾਰ

**ਸਾਧੂ**

ਸਨਿਚਰਵਾਰ ਸ਼ਾਮ ਨੂੰ ਜਦੋਂ ਉਹ ਰੋਟੀ ਖਾਣ ਤੋਂ ਪਹਿਲਾਂ ਇਕ ਦੋ ਦਰਾਮ ਲਾਉਣ ਲਈ ਬੈਠੇ, ਜਿਵੇਂ ਉਹ ਅਕਸਰ ਕਰਦੇ, ਤਾਂ ਰੇਸ਼ੋ ਨੂੰ ਮੰਗਵਾਉਣ ਦੀ ਗੱਲ ਫਿਰ ਛਿੜ ਪਈ। ਮਹਿੰਗੇ ਨੇ 'ਸਕਾਚ' ਦੀ ਇਕ ਨੱਕੋ ਨੱਕ ਭਰੀ ਗਲਾਸੀ ਅੰਦਰ ਸੁੱਟੀ, 'ਕੈਚਅਪ' ਨਾਲ ਪਕੌੜਾ ਲਬੇੜਦਿਆਂ ਕਿਹਾ, 'ਬੰਦਾ ਤਾਂ ਮੇਰੀ ਨਜ਼ਰ 'ਚ ਇਕ ਹੈ ਪਰ ਮੈਨੂੰ ਪਤਾ ਉਹ ਤੁਹਾਡੇ ਕਿਸੇ ਦੇ ਪਸੰਦ ਈ ਨਈਂ ਆਉਣਾ—ਉਹਨੂੰ ਸਹੁਰੇ ਨੂੰ ਇਕ ਦੋ ਮਾੜੀਆ ਅਦਤਾਂ ਤਾਂ ਜਰੂਰ ਚੁੰਬ ੀਆਂ ਆਂ ਪਰ ਬੰਦਾ ਨਰ ਆ-ਜਿਥੇ ਖੜ ਜਾਏ, ਜਾਹ ਤਾਂ ਪਿੱਠ ਦਿਖਾ ਜਾਏ-ਪਿਛਲੀ ਵੀਕੇ ਸਾਨੂੰ ਬੀਅਰ-ਪਾਲਰ 'ਚ ਮਿਲ ਪਿਆ, ਅਸੀਂ ਵੀ ਦੋ ਤਿੰਨ ਜਣੇ ਸੀ, ਸ਼ੇਰ ਦੇ ਪੁੱਤ ਨੇ ਸਾਨੂੰ ਇਕ ਵੀ ਗਲਾਸ ਨਈਂ ਭਰਾਉਣ ਦਿੱਤਾ,ਬੱਸ ਨੋਟਾਂ ਦੇ ਨੋਟ ਕੱਢ ਕੇ ਮੇਜ਼ ਤੇ ਰੱਖਤੇ-ਕਹਿੰਦਾ ਸਾਲਾ ਨਿੱਤ ਨਿੱਤ ਜੰਮਣਾ...'

ਮਹਿੰਗੇ ਦੇ ਗੱਲ ਕਰਦੇ ਕਰਦੇ ਈ ਜੋਗੇ ਨੂੰ ਜਿਵੇਂ ਪਤਾ ਲਗ ਗਿਆ, ਉਹ ਹੱਥ 'ਚ ਫੜੀ ਗਲਾਸੀ ਜ਼ੋਰ ਨਾਲ ਮੇਜ਼ ਤੇ ਰੱਖਕੇ, ਸੋਫੇ ਦੇ ਸਿਰੇ ਤੇ ਹੋ ਕੇ ਬਹਿੰਦਿਆਂ ਕਹਿਣ ਲੱਗ, 'ਤੇਰਾ ਦਿਮਾਗ ਤਾਂ ਨਹੀਂ ਹਿੱਲ ਗਿਆ, ਤੈਂ ਕੁੜੀ ਮਾਰਨੀ ਆਂ ਉਸ ਬਾਂਦਰ ਦੇ ਪਿਛੇ ਬੰਨ੍ਹ ਕੇ ?'

'ਵੇ ਕੁੱਛ ਸਾਡੇ ਵੀ ਪਿੜ ਪੱਲੇ ਪਵੇ ਕਿਹਦੀ ਗੱਲ ਕਰੀਂ ਜਾਂਦੇ ਆਂ ਤੁਸੀਂ ਦੋਵੇਂ ਜਣੇ', ਉਹਨਾਂ ਦੀ ਮਾਂ ਜਿਹੜੀ ਕਿਚਨ 'ਚੋਂ ਉਹਨਾਂ ਕੋਲ ਆ ਬੈਠੀ ਸੀ, ਗੱਲ ਜਾਨਣ ਦੀ ਕਾਹਲ ਵਿਚ ਬੋਲੀ।

'ਬੰਬੇ ਸਾਡੀ ਮਿਲ 'ਚ ਕੰਮ ਕਰਦਾ ਸੀ, ਮਿੱਲ ਵਾਲਿਆਂ ਪਿਛੇ ਜਿਹੇ ਉਸਨੂੰ ਫਾਇਰ ਕਰ ਦਿਤਾ ਸੀ, ਕੰਮ ਤੇ ਰੋਜ਼ ਸ਼ਰਾਬ ਪੀ ਕੇ ਆਉਂਦਾ ਸੀ'

'ਵੇ ਤੁਸੀਂ ਗਿਆਨ ਕੌਰ ਦੇ ਭਰਾ ਦੀ ਤਾਂ ਨੀ ਗੱਲ ਕਰਦੇ, ਆ ਕੀ ਨਾਂਓ ਆ ਉਹਦਾ, ਮੀਤਾ, ਨਾਂ ਵੇ ਵੀਰਾ ਅਸੀਂ ਨਈ ਪਾਪ ਖੱਟਣਾ-ਉਹ ਕੋਈ ਬੰਦਾ ਆ—ਅੱਠੋ ਪਹਿਰ ਸ਼ਰਾਬ ਨਾਲ ਰੱਜਿਆ ਰਹਿੰਦਾ ਆ। ਉਹਦੀ ਫੂਕਣੀ ਸ਼ਰਾਬ ਨੇ ਉਹਦੀ ਪਹਿਲੀ ਤੀਮੀਂ ਦੀ ਜਾਨ ਲਈ ਆ—ਕਹਿੰਦੇ ਆ ਇਹ ਸ਼ਰਾਬ ਨਾਲ ਰੱਜ ਕੇ ਕਾਰ ਚਲਾਉਂਦਾ ਸੀ ਜਿੱਦਣ ਇਹਦਾ ਐਕਸੀਡੈਂਟ ਹੋਇਆ...'

ਮਹਿੰਗੇ ਨੇ ਆਪਣੀ ਮਾਂ ਦੀ ਗੱਲ ਵਿਚੇ ਕੱਟਦਿਆਂ ਕਿਹਾ, 'ਤੁਸੀਂ ਤਾਂ ਸਾਰੇ ਇਦਾਂ ਕਰਦੇ ਆਂ ਜਿਦਾਂ ਮੈਂ ਕੋਈ ਸਦਾਈ ਹੁੰਨਾ ਆਂ। ਮੁੰਡੇ ਨੇ ਆਪਣਾ ਘਰ ਲੈ ਕੇ ਕਿਰਾਏ ਤੇ ਦਿਤਾ ਹੋਇਆ— ਬੜਾ ਸੋਹਣਾ ਕੰਮ ਕਰਦਾ ਸਿਗਾ ਅੱਗੇ— ਹੁਣ ਫੇਰ ਕਰਨ ਲੱਗ ਪਊਗਾ— ਮੁੰਡੇ ਖੁੰਡੇਂ ਸੌ ਗਲਤੀਆਂ ਕਰਦੇ ਹੁੰਦੇ ਆ— ਨਾਲੇ ਜਦੋਂ ਬੰਦੇ ਦੀ ਜੇਬ 'ਚ ਪੈਸੇ ਹੋਣ ਤੇ ਘਰ ਦੀ ਕੋਈ ਜਿੰਮੇਵਾਰੀ ਨਾ ਹੋਵੇ ਤਾਂ ਹਰ ਬੰਦਾ ਐਂਵੇਂ ਗਲਤ ਰਾਂਹੀਂ ਪੈ ਜਾਂਦੈ— ਨਾਲੇ ਜਿਹੜੀ ਐਕਸੀਡੈਂਟ ਦੀ ਗੱਲ ਆ, ਇਹ ਕੋਈ ਕਿਸੇ ਦੇ ਵੱਸ ਆ ਇਥੇ ਸਾਲੀਆਂ ਕਾਰਾਂ ਈ ਇੰਨੀਆਂ ਪਈ ਬੰਦਾ ਲੱਖ ਬਚੇ ਕਦੀ ਨਾ ਕਦੀ ਹੋ ਈ ਜਾਂਦਾ ਆ— ਉਹ ਤੁਹਾਨੂੰ ਪਤਾ ਦਲੀਪ ਸੈਂਹ ਹੋਰਾਂ ਦਾ ਉਹ ਜਿਹੜੇ ਆਪਣੇ ਪੇਂਡੂਆਂ ਦੀ ਬੇਸਮੈਂਟ ਵਿਚ ਰਹਿੰਦੇ ਸਿਗੇ, ਤਿੰਨੇ ਜੀ ਥਾਂ ਈ ਮਰ ਗਏ ਸੀ—ਦਲੀਪ ਸਿਉਂ ਕਾਰ ਚਲਾਉਂਦਾ ਸੀ—ਉਹਨੇ ਵਿਚਾਰੇ ਨੇ ਸਾਰੀ ਉਮਰ ਸ਼ਰਾਬ ਸੁੰਘ ਕੇ ਵੀ ਨਹੀਂ ਦੇਖੀ।'

'ਉਹ ਵੀਰਿਆ ਇਦਾਂ ਦੇ ਬੰਦੇ ਨਈਂ ਸੁਧਰਦੇ ਹੁੰਦੇ—ਇਹਨੇ ਸਾਲੇ ਨੇ ਅੱਜ ਤੱਕ ਕੋਈ ਅਕਲ ਦਾ ਕੰਮ ਵੀ ਕੀਤੈ ? ਅਜੇ ਜਦੋਂ ਗਿਆਨ ਕੌਰ ਦੇ ਡਰ ਥੱਲੇ ਸੀ ਤਾਂ ਉਹਨੇ ਦਬਕ ਕੇ ਮੱਦਦ ਨਾਲ ਘਰ ਲੈ ਦਿੱਤਾ—ਨਈਂ ਤਾਂ ਇਹਦੇ ਕੋਲ ਤਾਂ ਕਾਣੀ ਕੌਡੀ ਨਈਂ ਹੁੰਦੀ ਕਦੀ— ਹਰ ਤੀਏ ਦਿਨ ਕਦੀ ਕਿਸੇ ਬੀਅਰ ਪਾਲਰੋਂ ਕਦੀ ਕਿਸੇ ਪੁਲਿਸ ਵਾਲੇ ਚੁੱਕ ਕੇ ਲੈ ਜਾਂਦੇ ਆ— ਸੜੀਆਂ ਗੋਰੀਆਂ ਮਗਰ ਮੂੰਹ ਭਨਾਉਂਦਾ ਥਾਂ ਥਾਂ ਫਿਰਦਾ— ਕਦੀ ਦਿਨ ਦੇ ਚਾਨਣ 'ਚ ਉਹਦਾ ਮੂੰਹ ਦੇਖਿਆ— ਕਿੰਨੇ ਟੱਕ ਲੱਗੇ ਆ ਬੀਅਰ ਦੇ ਗਲਾਸਾਂ ਦੇ ਤੇ ਗੋਰਿਆਂ ਦੇ ਮੁਕਿਆਂ ਦੇ— ਨਾ ਬਈ ਵੱਡੇ ਭਾਈ ਆਪਾਂ ਤਾਂ ਨਈਂ ਮੰਨਦੇ ਪਈ ਇਹ ਵੀ ਕਦੀ ਸੁਧਰ-ਜੂ-ਗਾ—ਰੇਸ਼ੋ ਫੁੱਲ ਭਰ ਕੁੜੀ ਆ ਰੱਜ ਕੇ ਸੋਹਣੀ— ਨਾਲੇ ਤਾਏ ਨੇ ਕਿਹੜੀ ਤੇਰੇ ਮੱਲੋ ਮੱਲੀ ਗੱਲ ਪਾ ਦਿਤੀ ਸੀ— ਤੂੰ ਆਪ ਈ ਤਾਂ ਵੱਡਾ ਚੌਧਰੀ ਆਕੜ ਕੇ ਕਹਿੰਦਾ ਸੀ, 'ਲੈ ਤਾਇਆ, ਰੇਸ਼ੋ ਮੇਰੀ ਭੈਣ ਆ— ਇਹ ਤੇਰੇ ਨਈਂ ਮੇਰੇ ਸਿਰ ਦਾ ਭਾਰ ਆ ਮੈਂ ਆਪੇ ਲਾਹੂੰਗਾ।

ਉਸ ਦਿਨ ਰੋਟੀ ਖਾਂਦੇ ਵੀ ਉਹ ਇਹੋ ਗੱਲਾਂ ਕਰਦੇ ਰਹੇ ਤੇ ਤਿੰਨੋਂ ਆਪੋ ਆਪਣੀ ਗੱਲ ਤੇ ਅੜੇ ਰਹੇ। ਫਿਰ ਜਿੰਨਾ ਚਿਰ ਮਹਿੰਗੇ ਨੇ ਮੀਤੇ ਕੋਲੋਂ ਰੇਸ਼ੋ ਲਈ ਅਪਲਾਈ ਨਾ ਕਰਾ ਦਿਤਾ ਘਰ ਵਿਚ ਇਸ ਗੱਲ ਵਾਰੇ ਚੁੱਪ ਹੀ ਰਹੀ। ਮਹਿੰਗੇ ਨੇ ਮੀਤੇ ਦੀ ਭੈਣ ਤੇ ਭਣੋਈਏ ਨੂੰ ਇਕ ਦੋ ਵਾਰੀ ਪਰਦੇ ਨਾਲ ਘਰ ਸੱਦ ਕੇ ਆਪਣੀ ਮਾਂ ਨੂੰ ਮਨਾ ਲਿਆ। ਬਾਕੀਆਂ ਦੀ ਉਹਨੂੰ ਪਰਵਾਹ ਨਹੀਂ ਸੀ। 'ਮੰਨਣਗੇ,ਤਾਂ ਵੀ ਠੀਕ ਆ, ਨਾ ਮੰਨਣਗੇ ਤਾਂ ਕੀ ਕਰਨਗੇ ?' ਉਹਨੇ ਸੋਚਿਆ। ਘਰ ਦਾ ਮਾਲਕ ਉਹ ਸੀ।

ਜੋਗੇ ਨੂੰ ਕਈ ਚਿਰ ਬਾਅਦ ਜਦ ਸਾਰੀ ਗੱਲ ਦਾ ਪਤਾ ਚੱਲਿਆ ਤਾਂ ਉਹ ਸੁਣ ਕੇ ਥੋੜਾ ਤੱਤਾ ਠੰਡਾ ਹੋਇਆ ਪਰ ਕੋਈ ਵਾਹ ਲੱਗਦੀ ਨਾ ਦੇਖਕੇ ਕੋੜਾ ਘੁੱਟ ਕਰ ਗਿਆ। ਨਾਲੇ ਉਹ ਵੀ ਇਸ ਨਿੱਕੀ ਜਿਹੀ ਗੱਲ ਬਦਲੇ ਆਪਣੇ ਘਰ ਵਿਚ ਵਗਾੜ ਨਹੀਂ ਸੀ ਪੈਣ ਦੇਣੀ ਚਾਹੁੰਦਾ।

ਮੀਤੇ ਦੀਆਂ ਕਰਤੂਤਾਂ ਨੂੰ ਸਭ ਜਾਣਦੇ ਸਨ। ਇਸ ਕਰਕੇ ਉਹਨਾਂ ਦਿਆਂ ਰਿਸ਼ਤੇਦਾਰਾਂ ਤੇ ਜਾਣ-ਪਛਾਣ ਵਾਲਿਆਂ ਨੇ ਵੀ ਇਸ ਰਿਸ਼ਤੇ ਦਾ ਬੁਰਾ ਮਨਾਇਆ। ਪਰ ਕੌਣ ਇਸ ਨਿਕੀ ਜਿਹੀ ਗੱਲ ਬਦਲੇ ਮਹਿੰਗੇ ਹੋਰਾਂ ਨੂੰ ਮੂੰਹ ਤੂੰਹ ਦਸ ਕੇ ਬੁਰਾ ਪੈਂਦਾ। ਕਈ 'ਯਾਰ-ਦੋਸਤ' ਤੇ ਰਿਸ਼ਤੇਦਾਰ ਅੰਦਰੋਂ ਖੁਸ਼ ਵੀ ਸਨ ਤੇ ਦਬਵੀਂ ਜੀਭੇ 'ਭਰੋਸੇ-ਯੋਗ' ਬੰਦੇ ਨਾਲ ਗੱਲ ਬਾਤ ਕਰਦੇ ਕਹਿ ਵੀ ਦਿੰਦੇ 'ਸਾਲੇ ਦੀ ਆਕੜ ਦਾ ਤਾਂ ਪਤਾ ਨਈ ਲੱਗਦਾ ਪਰ ਭੈਣ ਤਾਂ ਦੇਖੋ ਕਿਥੇ ਦੇਣ ਲਗੈ।' ਮਹਿੰਗੇ ਹੋਰਾਂ ਨਾਲ ਗੱਲ ਕਰਦੇ ਉਹ ਇਕੋ ਫਿਕਰਾ ਵਰਤਦੇ ਸਨ: 'ਵਿਆਹ ਹੋ ਗਿਆ ਤਾਂ ਆਪੇ ਸੁਧਰ ਜਾਵੇਗਾ।'

ਮੀਤਾ ਵਿਆਹ ਵਾਲੇ ਦਿਨ ਵੀ ਰੱਜਿਆ ਹੋਇਆ ਸੀ। ਲਾਵਾਂ 'ਤੇ ਬੈਠਾ ਉਹ ਹਰ ਸੰਜੀਦਾ ਬੰਦੇ ਨੂੰ ਗੁੱਸਾ ਚੜ੍ਹਾ ਰਿਹਾ ਸੀ। ਫੇਰ ਰੋਟੀ ਖਾਣ ਲੱਗੇ ਨੇ ਖੱਟੇ ਦੀ ਕੌਲੀ ਮੇਜ਼ 'ਤੇ ਉਲਟਾ ਦਿਤੀ। ਮਹਿੰਗਾ ਸੱਭ ਕੁਝ ਦੇਖਦਾ ਵੀ ਕੁਛ ਨਈਂ ਸੀ ਦੇਖਦਾ। ਜੋਗਾ ਅੰਦਰੋਂ ਅੰਦਰ ਖਿਝੀ ਜਾਂਦਾ ਸੀ। ਗੁਰਦਵਾਰਿਓਂ ਉਹ ਛੇਤੀ ਛੇਤੀ ਕੰਮ ਨਬੇੜ ਕੇ ਘਰ ਪਹੁੰਚੇ। ਵਿਆਹ ਗੁਰਦਵਾਰੇ ਹੋ ਗਿਆ ਸੀ ਤੇ ਕੁੜੀ ਨੂੰ ਤੋਰਨ ਦੀ ਰਸਮ ਹੁਣ ਘਰੋਂ ਕਰਨੀ ਸੀ।

ਜੋਗੇ ਨੇ ਫੁੱਲਾਂ ਨਾਲ ਲੱਦੀ ਕਾਰ ਘਰ ਅੱਗੇ ਖੜਦੀ ਦੇਖੀ ਤਾਂ ਉਹ ਪ੍ਰਾਹੁਣਿਆਂ ਨੂੰ ਲੈਣ ਲਈ ਬਾਹਰ ਆਇਆ। ਕਾਰ ਦੇ ਪਿਛਲੇ ਦਰਵਾਜੇ ਰਾਹੀਂ ਪਹਿਲਾਂ ਮੀਤਾ ਉਤਰਿਆ ਤੇ ਬਾਹਰ ਨਿਕਲਦਾ ਹੀ ਲੜਖੜਾ ਗਿਆ ਫੇਰ 'ਸਾਈਡ-ਵਾਕ ਤੇ ਵਿੰਗਾ ਜਿਹਾ ਖੜ ਕੇ ਮੁੱਠੀ ਵਿਚ ਫੜੀ ਸਿਗਰਟ ਕਾਹਲੀ ਕਾਹਲੀ ਖਤਮ ਕਰਨ ਲੱਗਾ। ਉਸ ਦੇ ਪਿਛੇ ਸਿਤਾਰਿਆਂ ਨਾਲ ਕੱਢੇ ਲਾਲ ਸੂਟ ਵਿਚ, ਕਲੀਰਿਆਂ ਨਾਲ ਬਾਹਾਂ ਭਰੀ ਤੇ ਪੀਲੇ ਵਸਾਰ ਵਰਗੇ ਚਿਹਰੇ ਵਾਲੀ ਵਿਆਂਦੜ ਰੇਸ਼ੋ ਨੇ ਸੜਕ ਤੇ ਪੈਰ ਰੱਖਿਆ। ਦੇਖ ਕੇ ਜੋਗੇ ਦਾ ਅੰਦਰ ਕੰਬ ਉਠਿਆ। ਉਹਨੂੰ ਜਾਪਿਆ ਜਿਵੇਂ ਉਹਦੇ ਹੱਥਾਂ ਨੂੰ ਖੂਨ ਲੱਗਾ ਹੋਇਆ ਹੋਵੇ। ਉਹ ਅੰਦਰੋਂ ਗੁਨਾਹ ਦੇ ਭਾਰ ਨਾਲ ਦੱਬਦਾ ਜਾ ਰਿਹਾ ਸੀ। ਉਹ ਆਪਣੇ ਆਪ ਨੂੰ ਵੀ ਮਹਿੰਗੇ ਨੂੰ ਨਾ ਰੋਕਣ ਤੇ ਉਹਦੇ ਜਿੰਨਾ ਹੀ ਕਸੂਰਵਾਰ ਸਮਝ ਰਿਹਾ ਸੀ।

ਜੋਗੇ ਨੇ ਹੱਸਣ ਦੀ ਕੋਸ਼ਿਸ਼ ਕਰਦਿਆਂ ਮੀਤੇ ਨਾਲ ਹੱਥ ਮਿਲਾਇਆ। ਤੱਦ ਤੱਕ ਅੰਦਰੋਂ ਕਈ ਤੀਵੀਆਂ ਆ ਗਈਆਂ ਸਨ ਤੇ ਉਹ ਰੇਸ਼ੋ ਨੂੰ ਅੰਦਰ ਲੈ ਗਈਆਂ। ਜੋਗਾ ਮੀਤੇ ਨੂੰ ਬੇਸਮੈਂਟ ਵੱਲ ਲੈ ਗਿਆ। ਮੀਤਾ ਨਸ਼ੇ 'ਚ ਲੁਟਕਦਾ ਬੂਹੇ ਦੀ ਚਗਾਠ ਫੜ ਕੇ ਅੜ ਗਿਆ 'ਮੈਨੂੰ ਸਾਲਿਓ ਬੇਸਮੈਂਟ 'ਚ ਬਿਠਾਣਾ ਆ ਉਏ।' ਅੰਦਰ ਬੈਠੇ ਸਾਰੇ ਬੰਦੇ ਮੀਤੇ ਦੀ ਆਓ ਭਗਤ ਲਈ ਖੜ੍ਹੇ ਹੋ ਗਏ ਸਨ। ਸਾਰਿਆਂ ਦੇ ਚਿਹਰੇ ਇਕ ਬੜੀ ਸਾਊ ਪਰ ਬਨਾਉਟੀ ਮੁਸਕਰਾਹਟ ਨਾਲ ਲਿਪੇ ਹੋਏ ਸਨ। ਮੀਤੇ ਦੀ ਗੱਲ ਸੁਣ ਕੇ ਮਹਿੰਗੇ ਨੇ ਕਾਹਲੀ ਨਾਲ ਆ ਕੇ ਉਹਦੇ ਮੋਢੇ ਤੇ ਬਾਂਹ ਪਾ ਲਈ ਤੇ ਉਹਨੂੰ ਅੰਦਰ ਲੈ ਗਿਆ।

ਸਾਰੇ ਮੁੜ ਆਪੋ ਆਪਣੀ ਜਗਾ ਬੈਠ ਗਏ। ਕਮਰੇ ਦੀ ਖਾਮੋਸ਼ੀ ਤੇ ਤਣਾਉ ਨੂੰ ਇਕ ਅੱਧਖੜ ਉਮਰ ਦੇ ਬੰਦੇ ਨੇ ਤੋੜਨ ਦੀ ਕੋਸ਼ਿਸ਼ ਕੀਤੀ, 'ਹੋਰ ਸੁਣਾ ਫੇਰ ਗੁਰਮੀਤ ਸਿਆਂ ਪਿੰਡੋਂ ਭਾਈਏ ਹੋਰਾਂ ਦਾ ਚਿੱਠੀ ਪੱਤਰ ਆ ਜਾਂਦਾ ਆ ਕਦੀ ਕਦੀ?' ਮੀਤੇ ਨੇ ਦਰਾਮ ਵਾਲੀ ਗਲਾਸੀ ਖਾਲੀ ਕਰਕੇ ਭੈੜਾ ਜਿਹਾ ਮੂੰਹ ਬਣਾਉਂਦਿਆਂ ਉਸ ਬੰਦੇ ਵੱਲ ਦੇਖਿਆ। ਫੇਰ ਟੇਢਾ ਜਿਹਾ ਦੇਖ ਕੇ ਹੱਸਦਿਆਂ ਕਿਹਾ, 'ਘਰ-ਦਿਆਂ ਦੀ ਚਿੱਠੀ ਕਾਹਨੂੰ ਆਂਉਂਦੀ ਆ ਬਚਨਿਆਂ, ਤੈਨੂੰ ਪਤਾ ਈ ਆ ਘਰ ਦੇ ਕਾਹਨੂੰ ਚਿੱਠੀਆਂ ਪਾਉਂਦੇ ਹੁੰਦੇ ਆ। ਮੈਂ ਉਹਨਾਂ ਨੂੰ 'ਸੰਟ' ਕੋਈ ਭੇਜਦਾ ਨਈਂ। ਹੋਰ ਉਹਨਾਂ ਕੀ ਮੇਰੇ ਕੋਲੋਂ ਚਿੱਠੀ ਪਾ ਕੇ ਖੱਟਾ ਲੈਣਾ ਆ।'

ਮੀਤੇ ਦੀਆਂ ਬੇਹੂਦੀਆਂ ਸੁਣ ਕੇ ਬਾਕੀ ਦੇ ਬੰਦੇ ਉਲਝਣ ਵਿਚ ਫਸ ਗਏ ਕਿ ਮੀਤੇ ਦੀ ਗੱਲ ਤੇ ਹੱਸਿਆ ਜਾਂਵੇ ਕਿ ਨਾ। ਮੀਤਾ ਪਰ ਜਿਵੇਂ ਚਾਹਮਲੇ ਨਿਆਣੇ ਵਾਂਗ ਬੋਲਣ ਲੱਗਾ ਹਟੇ ਈ ਨਾ। ਸਭ ਨੂੰ ਪਤਾ ਸੀ ਕਿ ਉਹ ਹਮੇਸ਼ਾ ਇੰਝ ਹੀ ਕਰਦਾ ਹੈ ਪਰ ਅੱਜ ਤਾਂ ਉਸਦਾ ਵਿਆਹ ਸੀ। ਬੈਠਿਆਂ ਬੰਦਿਆਂ ਵਿਚੋਂ ਇਕ ਪੁਰਾਣੇ ਬੇਲੀ ਨਾਲ ਉਹਨੇ ਕਿਸੇ ਗੋਰੀ ਦੀ ਗੱਲ ਛੇੜ ਲਈ, ਜਿਹੜੀ ਉਹਨਾਂ ਇਕ ਵਾਰ ਇਕੱਠਿਆਂ 'ਹੇਸਟਿੰਗ ਸਟੀਰਟ' ਤੋਂ 'ਚੁੱਕੀ' ਸੀ। ਦੂਸਰੇ ਬੰਦੇ ਵਿਚਾਰੇ ਨੂੰ ਧਰਤੀ ਵੇਹਲ ਨਹੀਂ ਸੀ ਦੇ ਰਹੀ। ਮੀਤਾ ਨਸ਼ੇ ਵਿਚ ਸਿਗਰਟ ਮਗਰੋਂ ਸਿਗਰਟ ਫੂਕੀ ਜਾਂਦਾ ਤੇ ਗੱਲਾਂ ਕਰਦਾ ਕਰਦਾ ਕਦੀ ਕਦੀ ਦਰਵਾਜ਼ੇ ਕੋਲ ਨੀਵੀਂ ਪਾਈ ਬੈਠੇ ਜੋਗੇ ਵੱਲ ਦੇਖ ਲੈਂਦਾ। ਪਤਾ ਨਈਂ ਕਿਉਂ ਮੀਤੇ ਨੂੰ ਸ਼ੱਕ ਪਈ ਜਾਂਦਾ ਸੀ ਜਿਵੇਂ ਜੋਗਾ ਉਹਦੀ ਬੇ-ਇਜ਼ਤੀ ਕਰ ਰਿਹਾ ਹੋਵੇ। ਉਹ ਕਿਸੇ ਤਰ੍ਹਾਂ ਜੋਗੇ ਦੀ ਆਕੜ ਭੰਨਣੀ ਚਾਹੁੰਦਾ ਸੀ। ਜੋਗੇ ਦੇ ਦਿਮਾਗ 'ਚ ਥੋੜਾ ਚਿਰ ਪਹਿਲਾਂ ਦੇਖਿਆ ਰੇਸ਼ੋ ਦਾ ਚਿਹਰਾ ਚੱਕਰ ਕੱਟ ਰਿਹਾ ਸੀ। ਵਿਚਾਰੀ ਦੇ ਜਿਵੇਂ ਅੱਥਰੂ ਵੀ ਸੁੱਕ ਗਏ ਹੋਣ।

ਮਹਿੰਗਾ ਥੋੜੇ ਥੋੜੇ ਚਿਰ ਬਾਅਦ ਦੋ ਤਿੰਨ ਵਾਰੀ ਘਰ ਦੇ ਉਪਰਲੇ ਹਿਸੇ ਵਿਚ ਜਾ ਆਇਆ ਸੀ ਤੇ ਤੀਵਿਆਂ ਨੂੰ ਕਾਹਲੀ ਕਰਨ ਲਈ ਕਹਿ ਆਇਆ ਸੀ। ਮਹਿੰਗੇ ਦੀ ਵਹੁਟੀ ਦਾ ਨਣਦੋਈਏ ਨਾਲ ਮਖੌਲਬਾਜ਼ੀ ਕਰਨ ਨੂੰ ਦਿਲ ਕਰਦਾ ਸੀ। ਉਹ ਤੇ ਇਕ ਦੋ ਹੋਰ ਜ਼ਨਾਨੀਆਂ ਮਹਿੰਗੇ ਨੂੰ ਕਹਿ ਰਹੀਆਂ ਸਨ ਕਿ ਮੀਤੇ ਨੂੰ ਉਪਰ ਲੈ ਕੇ ਆਵੇ, ਉਹਨਾਂ ਨੇ ਵਿਆਹ ਦਾ ਕੇਕ ਕੱਟਣਾ ਹੈ ਪਰ ਮਹਿੰਗੇ ਨੇ ਉਹਨਾਂ ਨੂੰ ਝਿੜਕ ਦਿਤਾ, 'ਤੁਸੀਂ ਦਵਾ-ਦੱਵ ਕਰੋ, ਚੱਕੀਆਂ ਆਂ ਕੇਕ ਦੀਆਂ' ਉਹ ਵੀ ਚਾਹੁੰਦਾ ਸੀ ਕਿ ਮੀਤੇ ਹੋਰੀਂ ਭਲੀ ਭਾਂਤ ਤੁਰ ਪੈਣ। ਉਹਨੂੰ ਡਰ ਸੀ ਕਿ ਮੀਤਾ ਕਿਤੇ ਖਾਹ ਮਖਾਹ ਜੋਗੇ ਨਾਲ ਈ ਨਾ ਫਸ ਪਏ।

ਜਦੋਂ ਤੀਵੀਆਂ ਨੇ ਰੇਸ਼ੋ ਨੂੰ ਤਿਆਰ ਕੀਤਾ ਤਾਂ ਸਾਰੇ ਬੰਦੇ ਵੀ ਮੀਤੇ ਦੇ ਨਾਲ ਘਰ ਦੇ ਮੂਹਰੇ ਘਾਹ ਉਪਰ ਆ ਖੜੇ ਹੋਏ। ਰੇਸ਼ੋ ਆਪਣੀ ਚਾਚੀ ਤੇ ਜੋਗੇ ਦੇ ਗਲ ਲੱਗ ਇੰਝ ਰੋਈ ਜਿਵੇਂ ਮੁੜ ਕਦੀ ਨਾ ਮਿਲਣਾ ਹੋਵੇ। ਰੇਸ਼ੋ ਦੀਆਂ ਦਰਦ ਭਰੀਆਂ ਚੀਕਾਂ ਨੇ ਇਕ ਵਾਰੀ ਤਾਂ ਮਹਿੰਗੇ ਦੇ ਦਿਲ ਨੂੰ ਵੀ ਹਿਲਾ ਦਿਤਾ ਅਤੇ ਉਹਦੇ ਅੰਦਰੋਂ ਪਲ ਭਰ ਲਈ ਖਿਆਲ ਉਭਰਿਆ ਕਿ ਥੱਪੜ ਮਾਰ ਮਾਰ ਕੇ ਮੀਤੇ ਨੂੰ ਉਥੋਂ ਨਠਾ ਦੇਵੇ ਤੇ ਰੋਂਦੀ ਰੇਸ਼ੋ ਨੂੰ ਘੁੱਟ ਕੇ ਗਲ ਨਾਲ ਲਾ ਲਵੇ। ਪਰ ਇਹ ਖਿਆਲ ਇਕ ਛਿਣ ਤੋਂ ਵਾਧੂ ਨਾ ਅਟਕਿਆ।

ਸੱਚ-ਮੁੱਚ ਰੋਂਦੀਆਂ ਤੀਵੀਆਂ ਨੇ ਰੇਸ਼ੋ ਨੂੰ ਕਾਰ ਵਿਚ ਬਿਠਾਇਆ। ਮਹਿੰਗੇ ਨੇ ਮੀਤੇ ਨੂੰ ਵੀ ਖਿੱਚ ਕੇ ਕਾਰ ਵਿਚ ਬਿਠਾਇਆ। ਮੀਤਾ ਇਕ ਹੋਰ ਸ਼ਰਾਬੀ ਹੋ ਗਏ ਬੇਲੀ ਨਾਲ ਕਿਤੇ ਘੋੜਿਆਂ ਤੇ ਜਿਤੇ ਪੈਸਿਆਂ ਦਾ ਕਿੱਸਾ ਛੋਹੀ ਖੜਾ ਸੀ। ਪੱਲ ਕੁ ਪਿਛੋਂ ਫੁੱਲਾਂ ਨਾਲ ਸਜੀ ਕਾਰ ਨੇ ਇਕ ਦਮ ਟਾਇਰਾਂ ਦੀ ਰਗੜ ਨਾਲ ਚੀਕ ਮਾਰੀ ਤੇ ਉਹਨਾਂ ਦੀਆਂ ਨਜ਼ਰਾਂ ਤੋਂ ਦੂਰ ਵੱਲ ਨੱਸਣ ਲੱਗੀ।

ਸਾਰੇ ਬੰਦੇ ਫੇਰ ਚੁੱਪ ਚਾਪ ਬੇਸਮੈਂਟ ਵਿਚ ਆ ਬੈਠੇ। ਉਹਨਾਂ ਨੇ ਆਪਣੇ ਨਿਆਣਿਆਂ ਨਿਕਿਆਂ ਦੇ ਤਿਆਰ ਹੋਣ ਤੱਕ ਉਡੀਕ ਕਰਨੀ ਸੀ। ਅਫਸੋਸੇ ਚਿਹਰਿਆਂ ਦੇ ਭਾਵ ਕੁੜੀ ਦੱਬ ਕੇ ਆਇਆਂ ਵਰਗੇ ਲਗਦੇ ਸਨ ਨਾ ਕਿ ਸੌਹਰੇ ਤੋਰ ਕੇ ਆਇਆਂ ਵਰਗੇ। ਜੋਗੇ ਤੋਂ ਅੰਦਰ ਦਾ ਗੁੱਸਾ ਨਾ ਥੰਮ੍ਹਿਆ ਗਿਆ। 'ਹੁਣ ਤੈਨੂੰ ਚੈਨ ਆ ਗਿਆ ਮਹਿੰਗਿਆ, ਪਾਗਲ ਨਾਲ ਰਿਸ਼ਤੇਦਾਰੀ ਗੰਢ ਕੇ।' 'ਉਦੇ ਚਲ ਆਪਾਂ ਕਿਹੜੀਆਂ ਹਰ ਵੇਲੇ ਉਹਦੀਆਂ ਕਮਲੀਆਂ ਸੁਣਨੀਆਂ ਆ, ਨਾਲੇ ਰਿਸ਼ਤੇਦਾਰੀ ਨੂੰ ਕੀ ਆ ਜੇ ਚੰਗਾ ਮਿਲੂ ਵਰਤੂ ਆਪਾਂ ਵੀ ਮਿਲ ਵਰਤ ਲਵਾਂਗੇ ਨਹੀਂ ਤਾ ਜਦੋਂ ਕਿਤੇ ਮਿਲ ਪਿਆ ਵਾਹਵਾ, ਆਪਾਂ ਵੀ ਨਾ ਬੁਲਾਵਾਂਗੇ। ਤੂੰ ਸਗੋਂ ਰੱਬ ਦਾ ਸ਼ੁਕਰ ਕਰ ਪਈ ਸਿਰੋਂ ਭਾਰ ਲੱਥਾ।' ਮਹਿੰਗੇ ਦਾ ਜਵਾਬ ਸੀ।

*[Burnaby, B.C.]*

# ਇਕ ਸਾਹਿਤਕ ਮਸਲਾ

—ਸਾਧੂ

ਸਰ੍ਹੀ ਬੀ. ਸੀ. ਵਿਚੋਂ ਨਿਕਲਦੇ ਹਫਤਾਵਾਰੀ ਇੰਡੋ-ਕਨੇਡੀਅਨ ਦਾ ਨਵੰਬਰ 10, 78 ਦਾ ਅੰਕ 'ਗੁਰੂ ਨਾਨਕ ਦੇਵ' ਅੰਕ ਸੀ। ਮੁੱਖ ਸਫੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਤਸਵੀਰ ਬਹੁਤ ਹੀ ਸੋਹਣੀ ਲੱਗ ਰਹੀ ਸੀ। ਉਸ ਅੰਕ ਵਿਚ ਸਿੱਖ ਮੱਤ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਜਾਣਕਾਰੀ ਭਰਪੂਰ ਲੇਖ ਦਿੱਤੇ ਗਏ ਹਨ। ਸਾਰੇ ਦਾ ਸਾਰਾ ਅੰਕ ਸੰਪਾਦਕ ਦੀ ਮੇਹਨਤ ਤੇ ਲਗਨ ਦਾ ਮੂੰਹੋਂ ਬੋਲਦਾ ਸਬੂਤ ਹੈ।

ਪਰ ਜਿਥੇ ਇਸ ਅੰਕ ਵਿਚ ਇੰਨੀਆਂ ਵਿਦਵਤਾ ਭਰਪੂਰ ਗੱਲਾਂ ਹਨ ਉਥੇ ਇਸੇ ਅੰਕ ਵਿਚ ਖੁਦ ਸੰਪਾਦਕ ਵਲੋਂ, ਸ਼ਰੇਆਮ, ਬਿਨਾਂ ਕਿਸੇ ਅੰਦਰਲੇ ਜਾਂ ਬਾਹਰਲੇ ਡਰ ਦੇ ਇਕ ਬਹੁਤ ਹੀ ਵੱਡੀ ਸਾਹਿਤਕ ਚੋਰੀ ਕੀਤੀ ਗਈ ਹੈ। ਚੋਰੀ ਇਸ ਲਈ ਕਿਹਾ ਗਿਆ ਹੈ ਕਿ ਇਹੋ ਜਿਹੀ ਵੱਡੀ ਗਲਤੀ ਹੋਣੀ ਅਸੰਭਵ ਹੈ। ਤੇ ਨਾ ਹੀ ਸੰਪਾਦਕ ਨੇ ਉਸ ਅੰਕ ਤੋਂ ਬਾਅਦ ਨਿਕਲੇ ਦੋ ਅੰਕਾਂ ਵਿਚ ਇਸ ਦਾ ਕੋਈ ਜ਼ਿਕਰ ਕੀਤਾ ਹੈ। ਕੈਨੇਡਾ ਦੇ ਪੰਜਾਬੀ ਦੇ ਸਾਹਿਤਕ ਤੇ ਪੱਤਰਕਾਰੀ ਦੇ ਇਤਿਹਾਸ ਵਿਚ ਇਹੋ ਜਿਹਾ ਦਿਨ ਦਿਹਾੜੇ ਡਾਕਾ ਦੇਖਣ ਸੁਣਨ ਨੂੰ ਨਹੀਂ ਮਿਲਦਾ। ਉਂਞ ਤਾਂ ਇਥੋਂ ਦੇ ਸਾਰੇ ਪਰਚੇ, ਅਖਬਾਰਾਂ ਦੇਸੀ ਅਖਬਾਰਾਂ ਪਰਚਿਆਂ ਚੋਂ ਰਚਨਾਵਾਂ ਰੀ-ਪ੍ਰੋਡਿਊਸ ਕਰਦੇ ਰਹਿੰਦੇ ਹਨ ਪਰ ਕਿਸੇ ਹੋਰ ਦੀ ਲਿਖਤ ਨੂੰ ਆਪਣੀ ਕਹਿਣਾ ਅਣਸੁਣੀ ਗੱਲ ਹੈ। ਜੇ ਇਹੋ ਜਿਹੀ ਗੱਲ ਕੈਨੇਡਾ ਦੇ ਕਿਸੇ ਅੰਗਰੇਜ਼ੀ ਅਖਬਾਰ ਜਾਂ ਪਰਚੇ ਵਿਚ ਹੋਈ ਹੁੰਦੀ ਤਾਂ ਸ਼ਾਇਦ ਕਰਨ ਵਾਲੇ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ। ਇਹ ਇੱਕ ਸਾਹਿਤਕ ਮਸਲਾ ਹੈ ਤੇ 'ਵਤਨੋਂ ਦੂਰ' ਕੈਨੇਡਾ ਦਾ ਇਕੋ ਇਕ ਸਾਹਿਤਕ ਪਰਚਾ ਹੋਣ ਕਰਕੇ ਇਸ ਦੀ ਚਰਚਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਭਾਵੇਂ ਕਿ ਇਸ ਗੱਲ ਦਾ ਅਹਿਸਾਸ ਹੈ ਕਿ ਤਾਰਾ ਸਿੰਘ ਹੋਰੀਂ ਇਸ ਗੱਲ ਨੂੰ ਜਾਤੀ ਬਣਾ ਕੇ ਤੇ ਇੰਡੋ-ਕਨੇਡੀਅਨ 'ਚ ਕਿਸੇ ਹੋਰ ਤਰੀਕੇ ਨਾਲ ਪੇਸ਼ ਕਰਨਗੇ।

ਉਸ ਅਖਬਾਰ ਦੇ ਗੁਰੂ ਨਾਨਕ ਅੰਕ ਦੇ ਸਫਾ ਨੌ ਉਪਰ ਡਾ: ਸੁਰਿੰਦਰ ਸਿੰਘ ਦੋਸਾਂਝ ਹੋਰਾਂ ਦਾ ਲੇਖ 'ਗੁਰੂ ਨਾਨਕ ਦਾ ਦ੍ਰਿਸ਼ਟੀ ਕੋਣ' ਛਪਿਆ ਹੈ। ਤੇ ਸਫਾ ਦੋ ਉਪਰ ਤਾਰਾ ਸਿੰਘ ਹੇਅਰ ਵਲੋਂ "ਸੰਪਾਦਕੀ ਗੁਰੂ ਨਾਨਕ ਦੇਵ" ਛੱਪੀ ਹੈ। ਸੰਪਾਦਕੀ ਵਿਚਲੇ ਪਹਿਲੇ ਦੋ ਪੈਰ੍ਹੇ ਤੇ ਪਿਛਲੇ (ਮੋਟੇ ਅੱਖਰਾਂ ਵਾਲੇ) ਇਕ ਪੈਰ੍ਹੇ ਤੋਂ ਬਿਨਾਂ ਬਾਕੀ ਸਾਰਾ ਕੁੱਝ ਸਫਾ ਨੌ ਉਪਰ ਛਪੇ ਡਾ: ਦੋਸਾਂਝ ਦੇ ਲੇਖ ਦੀ ਜਿਉਂ ਦੀ ਤਿਉਂ ਨਕਲ ਹੈ। ਸਾਰੀ ਸੰਪਾਦਕੀ ਦਾ 75% ਹਿੱਸਾ ਨਕਲ ਹੈ ਤੇ ਹੈ ਵੀ ਉਸੇ ਅੰਕ ਵਿਚ ਛਪੇ ਲੇਖ ਵਿਚੋਂ।

ਇਹ ਕਿਉਂ ਤੇ ਕਿਵੇਂ ਹੋਇਆ ਇਸ ਦਾ ਜਵਾਬ ਤਾਂ ਕਰਨ ਵਾਲਾ ਹੀ ਦੇ ਸਕਦਾ ਹੈ। ਅਸੀਂ ਤਾਂ ਇਥੇ ਪੰਜਾਬੀ ਦੇ ਪਾਠਕਾਂ ਤੇ ਲੇਖਕਾਂ ਵਲੋਂ ਇਸ ਬਾਰੇ ਇਤਰਾਜ਼ ਹੀ ਜ਼ਾਹਰ ਕਰ ਸਕਦੇ ਹਾਂ ਤੇ ਡਾ: ਸੁਰਿੰਦਰ ਸਿੰਘ ਦੋਸਾਂਝ ਹੋਰਾਂ ਨਾਲ ਹਮਦਰਦੀ ਜਿਹਨਾਂ ਦੇ ਨਾਲ ਇਹ ਸ਼ਰੇਆਮ ਧੋਖਾ ਤੇ ਮਖੌਲ ਕੀਤਾ ਗਿਆ ਹੈ।

ਇਹ ਗੱਲ ਸ਼ਾਇਦ ਇੰਨੀ ਗੰਭੀਰ ਨਾ ਹੁੰਦੀ ਜੇ ਕਿਸੇ ਆਮ ਬੰਦੇ ਨੇ ਇਹ ਕੀਤੀ ਹੁੰਦੀ। ਜਿਵੇਂ ਅਕਤੂਬਰ ਤੇਰ੍ਹਾਂ ਦੇ ਇੰਡੋ ਕਨੇਡੀਅਨ ਦੇ ਸਫਾ ਬਾਰਾਂ ਉਪਰ ਛਪੀ ਇਕਬਾਲ ਪੰਨੂ-ਡੈਲਟਾ' ਦੀ ਕਵਿਤਾ 'ਕੁਰਸੀ ਦੀ ਪੁਕਾਰ' ਪੰਜਾਬੀ ਦੇ ਮਸ਼ਹੂਰ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ 'ਕੁਰਸੀ' ਦੀ ਨਕਲ ਹੈ। ਮੁਆਫ ਤਾਂ ਇਕਬਾਲ ਪੰਨੂ ਵੀ ਨਹੀਂ ਕੀਤਾ ਜਾ ਸਕਦਾ ਪਰ ਅੱਖੋਂ ਉਹਲੇ ਜ਼ਰੂਰ ਕੀਤਾ ਜਾ ਸਕਦਾ ਹੈ। ਪਰ ਤਾਰਾ ਸਿੰਘ ਦੀ ਹਰਕਤ ਅੱਖੋਂ ਉਹਲੇ ਵੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਖੁਦ ਨੂੰ ਉੱਤਰੀ ਅਮਰੀਕਾ ਵਿਚ ਹਿੰਦੁਸਤਾਨੀਆਂ ਤੇ ਪੰਜਾਬੀਆਂ ਦੇ ਨੁਮਾਇੰਦੇ ਦੇ ਤੌਰ ਤੇ ਪੇਸ਼ ਕਰ ਰਿਹਾ ਹੈ। ਅਤੇ ਆਪਣੇ ਅਖਬਾਰ ਵਿਚ ਆਲੇ ਦੁਆਲੇ ਹੁੰਦੀਆਂ ਚੰਗੀਆਂ ਮਾੜੀਆਂ ਬਾਰੇ ਆਪਣੇ ਵਿਚਾਰ ਵੱਡੇ ਪੱਧਰ ਤੇ ਪੇਸ਼ ਕਰਦਾ ਹੈ ਤੇ ਰਵਿੰਦਰ ਰਵੀ ਦੀ 'ਪਰਦੇਸੀ ਪੰਜਾਬ' (ਟਰਾਂਟੋ) ਵਿਚ ਦਿੱਤੀ ਇੰਟਰਵਿਊ ਮੁਤਾਬਕ ਇਥੋਂ ਦੇ ਪਹਿਲੀ ਕਤਾਰ ਦੇ ਚਾਰ ਪੰਜ 'ਚੇਤਨ' ਲੇਖਕਾਂ ਵਿਚੋਂ ਹੈ। ਪੰਜਾਬ ਵਿਚ ਅੰਗਰੇਜ਼ੀ ਦੇ ਸਰਕਾਰੀ ਪਰਚੇ ADVANCE ਵਿਚ ਛਪੇ ਰਵੀ ਦੇ ਲੇਖ "PUNJABIS IN CANADA - A PREVIEW" ਮੁਤਾਬਕ ਇੰਡੋ-ਕਨੇਡੀਅਨ ਉਤਰੀ ਅਮਰੀਕਾ ਵਿਚ ਇਕ ਬਹੁਤ ਮਹੱਤਵ ਪੂਰਨ ਰੋਲ ਅਦਾ ਕਰ ਰਿਹਾ ਹੈ।

ਇਹਨਾਂ ਕਾਰਨਾਂ ਕਰਕੇ ਤਾਰਾ ਸਿੰਘ ਵੱਲੋਂ ਕੀਤੀ ਇਹ ਬੇਹੂਦੀ ਹਰਕਤ ਬਹੁਤ ਗੰਭੀਰ ਹੈ। ਇਹਦੇ ਹਰ ਸੰਪਾਦਕੀ ਵਿੱਚ ਇਸੇ ਦੇ ਲੇਖਕਾਂ ਨੂੰ ਤੇ ਆਮ ਲੋਕਾਂ ਨੂੰ ਦਿੱਤੀਆਂ ਵੱਡੀਆਂ ਵੱਡੀਆਂ ਮੱਤਾਂ ਕਿਸ ਕੰਮ ? ਜੇ ਖੁਦ ਅਜਿਹੀ ਉਦਾਹਰਣ ਲੋਕਾਂ ਸਾਹਮਣੇ ਪੇਸ਼ ਕਰਨੀ ਹੈ। ਜੇ ਉਹਦੀ ਹਰਕਤ ਨੂੰ ਸਿੱਧੀ ਉਦਾਹਰਣ ਨਾਲ ਦੱਸਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਿਵੇਂ ਗੁਰਦੁਆਰੇ ਗਿਆ ਹੋਇਆ ਬੰਦਾ ਕਿਸੇ ਹੋਰ ਇਮਾਨਦਾਰ ਸਿੰਘ ਦਾ ਬਟੂਆ ਕੱਢ ਕੇ, ਮਹਾਰਾਜ ਮੂਹਰੇ ਮਾਇਆ ਚੜ੍ਹਾ ਕੇ ਆਪਣੀ ਵਾਹ-- ਵਾਹ ਕਰ ਲਵੇ।

ਅਸੀਂ ਪੰਜਾਬੀ ਦੇ ਪਾਠਕਾਂ, ਲੇਖਕਾਂ, ਸਾਹਿਤਕ ਸਭਾਵਾਂ ਤੇ ਧਾਰਮਿਕ ਸੰਸਥਾਵਾਂ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦੇ ਹਾਂ। ਖਾਸ ਕਰਕੇ ਧਾਰਮਿਕ ਸੰਸਥਾਵਾਂ ਨੂੰ ਇਸ ਗੱਲ ਦਾ ਨੋਟਿਸ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਬਾਰੇ ਲਿਖਤ ਵਿਚ ਜੇ ਚੋਰੀ ਕੀਤੀ ਗਈ ਹੋਵੇ ਤਾਂ ਪੜ੍ਹਨ ਵਾਲੇ ਦੇ ਮਨ ਤੇ ਗੁਰੂ ਨਾਨਕ ਦੀ ਸਿੱਖਿਆ ਅਤੇ ਧਰਮ ਦਾ ਕੀ ਪ੍ਰਭਾਵ ਪਵੇਗਾ, ਇਹ ਸੋਚਣ ਵਾਲੀ ਗੱਲ ਹੈ। ਉਹਨਾਂ ਲੇਖਕਾਂ ਨੂੰ ਵੀ ਇਸ ਹਰਕਤ ਦਾ ਨੋਟਿਸ ਲੈਣਾ ਚਾਹੀਦਾ ਹੈ ਜਿਹੜੇ ਇੱਥੋਂ ਦੀਆਂ ਸਾਹਿਤਕ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਸੋਚਦੇ ਹਨ ਅਤੇ ਚਾਹੁੰਦੇ ਹਨ ਕਿ ਅਸੀਂ ਕੈਨੇਡਾ ਵਿਚੋਂ ਵਧੀਆ ਸਾਹਿਤ ਤੇ ਸਾਹਿਤਕਾਰ ਪੈਦਾ ਕਰੀਏ।

ਪੰਜਾਬੀ ਦਾ ਨਵਾਂ ਅਗਾਂਹ ਵਧੂ, 'ਪੰਜਾਬੀ ਸਾਹਿਤ ਵਿਚ ਆਪਣੀ ਵੱਖਰੀ ਹੈਸੀਅਤ ਰੱਖਣ ਵਾਲਾ':- ਦੋ ਮਾਸਿਕ 'ਪਹੁ-ਫੁਟਾਲਾ'

ਸਲਾਨਾ ਚੰਦਾ: ਦੇਸ ੧ ਰੁਪੈ ਵਿਦੇਸ਼ ਪੰਜ ਪੌਂਡ, ਦਸ ਡਾਲਰ

ਪਤਾ:— ਦੋ – ਮਾਸਿਕ 'ਪਹੁ-ਫੁਟਾਲਾ'<br>
ਪਿੰਡ ਤੇ ਡਾਕ: ਕਲੇਰਾਂ, ਰਾਹੀਂ ਬੰਗਾ<br>
ਜਲੰਧਰ 144505

ਸਫਾ ੬ ਦੀ ਬਾਕੀ—

ਸ਼ਹੀਦਾਂ ਨਾਲ ਸਾਨੂੰ ਹਮਦਰਦੀ ਹੈ ਅਤੇ ਉਹਨਾਂ ਦੀ ਦਲੇਰੀ ਤੇ ਮਾਣ ਹੈ – ਪਰ ਇਸ "ਅੰਨੇ ਕੌਮੀਵਾਦ" ਅਤੇ "ਕਿੱਤ ਦੀਆਂ ਲੜਾਈਆਂ" ਦਾ ਵਿਗਿਆਨਕ ਅਤੇ ਬੌਧਿਕ ਤੌਰ ਤੇ ਵਿਸ਼ਲੇਸ਼ਣ ਕਰਕੇ ਸੁੱਖਾ ਸਿੰਘ ਦੇ ਜ਼ਿੰਦਾ ਦੋਸਤਾਂ ਨੂੰ ਦੱਸਣਾ ਕਿ ਉਹਨਾਂ ਦਾ ਅਸਲ ਦੁਸ਼ਮਣ ਕੌਣ ਹੈ – ਸੁੱਖਾ ਸਿੰਘ ਦੀ ਯਾਦ ਨੂੰ ਇਕ ਸੱਚੀ ਸੁੱਚੀ ਸ਼ਰਧਾਂਜਲੀ ਹੈ। ਤੁਹਾਡਾ ਪਰਚਾ ਇਸ ਮਾਮਲੇ ਵਿਚ ਸਿਹਤਮੰਦ ਰੋਲ ਅਦਾ ਕਰ ਰਿਹਾ ਹੈ। ਬਾਵਾ ਬਲਵੰਤ ਦੀਆਂ ਇਹ ਸਤਰਾਂ ਇਸ ਸੰਬੰਧ ਵਿਚ ਕਿੰਨੀਆਂ ਢੁੱਕਵੀਆਂ ਹਨ:—

"ਦੇਸ਼ ਭਗਤੀ ਦਾ ਅਜੇ ਨਸ਼ਾ ਹੈ ਜਦ ਤੱਕ<br>
ਖੂਬ ਹੋਵੇਗੀ ਗਰੀਬਾਂ ਦੀ ਮੁਰੰਮਤ ਤਦ ਤੱਕ"

ਜਸਬੀਰ ਬਾਠ<br>
ਲਿਵਰਪੂਲ

ਮਹਾਨ ਲਿਖਾਰੀ ਗੋਰਕੀ ਦੇ ਅਨੁਸਾਰ:-
ਲਫ਼ਜ਼ ਕਿਸੇ ਰੁੱਖ ਨੂੰ ਲੱਗੇ ਪੱਤਿਆਂ ਵਾਂਗ ਹੁੰਦੇ ਹਨ ਤੇ ਇਹ ਜਾਣਨ ਲਈ ਕਿ ਪੱਤੇ ਜੋ ਕੁੱਝ ਹਨ ਸਾਨੂੰ ਜਾਨਣਾ ਪਵੇਗਾ ਕਿ ਰੁੱਖ ਉਗਦੇ ਕਿਵੇਂ ਹਨ।

ਕੇਵਲ ਚੰਗੇ ਸਾਹਿਤਕਾਰ ਅਤੇ ਚੰਗੇ ਪਰਚੇ ਇਸ ਪਰਕਾਰ ਦੇ ਰੁੱਖਾਂ ਨੂੰ ਸਿੰਗਾਰ ਅਤੇ ਚਿਰ ਸਥਾਈ ਬਣਾ ਸਕਦੇ ਹਨ ਜਿਹਨਾਂ ਦੇ ਨਾਲ ਸਾਰੇ ਸਮਾਜ ਨੂੰ ਠੰਢੀ ਛਾਂ ਮਿਲਦੀ ਹੈ। ਉਸੇ ਤਰ੍ਹਾਂ ਹੀ ਇਕ ਨਕਲ-ਮਾਰੂ, ਲਿੰਗ ਉਕਸਾਊ ਖਬਰਾਂ ਛਾਪਣ ਵਾਲਾ, ਕੱਚ ਸੱਜਿਉਂ ਉਟ-ਪਟਾਂਗ ਇਕੱਠਾ ਕਰਕੇ ਆਪਣੀ ਵਿਕਰੀ ਵਧਾਉਣ ਵਾਲਾ, ਆਪਣੀ ਮਾਂ-ਬੋਲੀ ਦਾ ਵੈਰੀ ਹੁੰਦਾ ਹੈ ਅਤੇ ਇਸ ਪ੍ਰਕਾਰ ਦੇ ਰੁੱਖਾਂ ਦੇ ਲਫ਼ਜ਼ਾਂ ਰੂਪੀ ਪੱਤਿਆਂ ਨੂੰ ਪੱਤਝੜ ਆਉਣ ਤੋਂ ਪਹਿਲਾਂ ਹੀ ਸੁਕਾ ਦਿੰਦਾ ਹੈ ਅਤੇ ਮੁੜ ਕੇ ਆਉਂਦੀ ਉਹਨਾਂ ਉਤੇ ਬਹਾਰ ਰੁੱਤ ਨੂੰ ਰੋਕਣ ਵਿਚ ਤੇਜ ਦੌੜ ਲਾਈ ਰੱਖਦਾ ਹੈ। ਪਰਚਾ ਕੱਢਣ ਦੇ ਸਿਰੜ ਨੂੰ ਪਿਛਲੇ ਚਾਰ ਸਾਲ ਤੋਂ ਮੰਨਦਾ ਆ ਰਿਹਾ ਹਾਂ ਜੇਕਰ ਹੁਣ ਨਾ ਮੰਨਾਂ ਜਦੋਂ ਕਿ ਪਰਚਾ ਇਕ ਬਹੁਤ ਵਧੀਆ ਰੂਪ ਵਿਚ ਨਿਕਲਦਾ ਹੈ ਤਾਂ ਮੇਰੀ ਬੇਵਕੂਫ਼ੀ ਹੋਵੇਗੀ।

ਮੇਜਰ ਮਿਸ਼ਨਰੀ<br>
ਮਿਸ਼ਨ, ਬੀ. ਸੀ.

# ਦਰਪਣ

## ਖ਼ਤ

ਮਈ ਅੰਕ ਵਿਚ ਤੁਹਾਡਾ ਐਡੀਟੋਰੀਅਲ ਪੜ੍ਹਿਆ। ਇਹ ਕੇਹਾ ਦੁਖਾਂਤ ਹੈ ਕਿ "ਵਤਨੋਂ ਦੂਰ" ਸਥਾਪਤ ਪਰਚਾ ਹੋਣ ਦੇ ਬਾਵਜੂਦ ਇੱਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਚੰਗੀਆਂ ਤੇ ਪਾਏਦਾਰ ਸਾਹਿਤਕ ਰਚਨਾਵਾਂ ਦੀ ਅਣਹੋਂਦ ਦਾ ਸੰਕਟ ਹੈ। ਇਹ ਸੰਕਟ ਕੇਵਲ ਇਸ ਪਰਚੇ ਤੱਕ ਸੀਮਤ ਨਹੀਂ, ਸਮੁੱਚੇ ਪੰਜਾਬੀ ਸਾਹਿਤ ਦਾ ਸੰਕਟ ਹੈ। ਪੰਜਾਬੀ ਦੇ ਪੰਜਾਬ ਤੇ ਦਿੱਲੀ ਤੋਂ ਛਪਦੇ ਪਰਚਿਆਂ ਦੀ ਸਾਹਿਤੱਕ ਪੱਧਰ ਤੋਂ ਤੁਸੀਂ ਤੇ ਹੋਰ ਸਾਹਿਤ-ਪ੍ਰੇਮੀ ਅਣਜਾਣ ਨਹੀਂ। 'ਆਰਸੀ' 'ਪ੍ਰੀਤਲੜੀ', 'ਦ੍ਰਿਸ਼ਟੀ', 'ਨਾਗਮਣੀ' ਆਦਿ ਸ਼੍ਰੋਮਣੀ ਮਾਸਕ-ਪੱਤਰ ਹਨ। ਤੇ ਇਹ ਜਾਂ ਤਾਂ 'ਵਾਦਾਂ' ਨਾਲ ਬੱਝੇ ਹੋਏ ਹਨ ਜਾਂ ਖਾਸ ਵਿਅਕਤੀਆਂ ਨਾਲ। 'ਆਰਸੀ ਵਿਚ ਉਹ ਹੀ ਪੰਜ ਸੱਤ ਲੇਖਕ ਛਪਦੇ ਹਨ, 'ਪ੍ਰੀਤਲੜੀ' ਤਾਂ ਅਸਲੋਂ ਹੀ ਖੱਸੀ ਹੋ ਗਿਆ ਹੈ।

ਜਿੰਨਾ ਚਿਰ ਕੋਈ ਪਰਚਾ ਗੁੱਟ-ਬੰਦੀ, ਧੜੇ ਅਸੈਂਤੀ 'ਵਾਦਾਂ' ਤੇ ਕੁੱਝ ਵਿਅਕਤੀਆਂ ਤੱਕ ਸੀਮਤ ਹੋ ਜਾਂਦਾ ਹੈ ਉਹ ਉਨਤੀ ਦੀਆਂ ਸੰਭਾਵਨਾਵਾਂ ਤੇ ਪ੍ਰਗਤੀ ਦੇ ਜਾਂ ਨੂੰ ਤਿਲਾਂਜਲੀ ਦੇ ਬੈਠਦਾ ਹੈ। 'ਵਤਨੋਂ ਦੂਰ' ਕੇਵਲ ਇਕ ਮਾਸਕ ਪੱਤਰ ਹੀ ਨਹੀਂ, ਸਗੋਂ ਆਪਣੇ ਆਪ ਵਿਚ ਇਕ ਅਦਾਰਾ ਬਣਨਾ ਚਾਹੀਦਾ ਹੈ। ਜਿਸ ਅਦਾਰੇ ਵਿਚ ਵੱਖ ਵੱਖ ਵਿਚਾਰ ਰੱਖਣ ਵਾਲੇ ਸਾਹਿਤਕਾਰਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋਣ ਦਾ ਮੌਕਾ ਮਿਲੇ। ਵਿਚਾਰ ਸਭ ਦੇ ਆਪੋ ਆਪਣੇ ਹੁੰਦੇ ਹਨ, ਇਹ ਕਿਸੇ ਤੇ ਠੋਸੇ ਨਹੀਂ ਜਾਂਦੇ। ਪਰ ਜੇ ਵਿਰੋਧ-ਵਿਕਾਸ ਦਾ ਸਿਧਾਂਤ ਕੋਈ ਚੀਜ਼ ਹੈ ਤਾਂ ਵਿਰੋਧੀ ਵਿਚਾਰਾਂ ਨੂੰ ਅੱਖੋਂ ਪਰੋਖੇ ਕਰਕੇ, ਵਿਕਾਸ ਦੀ ਆਸ ਕਰਨੀ, ਕੋਈ ਸਿਆਣਪ ਵਾਲੀ ਗੱਲ ਨਹੀਂ ਹੋਵੇਗੀ। ਇਸ ਲਈ ਮੇਰੀ ਬੇਨਤੀ ਹੈ ਕਿ ਕੈਨੇਡਾ ਵਿਚ ਰਹਿੰਦੇ ਸਾਰੇ ਸਾਹਿਤਕਾਰਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਲਈ 'ਵਤਨੋਂ ਦੂਰ' ਇਕ ਅਹਿਮ ਰੋਲ ਅਦਾ ਕਰ ਰਿਹਾ ਹੈ ਤੇ ਮੇਰੇ ਖਿਆਲ ਵਿਚ ਹਰ ਈਮਾਨਦਾਰ ਸਾਹਿਤਕਾਰ ਇਸ ਗੱਲ ਤੇ ਰਜ਼ਾਮੰਦ ਹੋਵੇਗਾ ਕਿ ਖੁਦਗਰਜ਼ੀ ਧੜੇ-ਬੰਦੀ, ਹਉਮੈਂ, ਤੇ ਕੱਟੜਪੁਣਾ ਇਕ ਸਾਹਿਤਕਾਰ ਦਾ ਵਿਰਸਾ ਨਹੀਂ ਹੁੰਦੇ।

ਆਸ ਹੈ ਕਿ ਤੁਸੀਂ ਤੇ ਹੋਰ ਸਾਥੀ ਇਸ ਗੱਲ ਤੇ ਰਜ਼ਾਮੰਦ ਜ਼ਰੂਰ ਹੋਵੋਂਗੇ ਕਿ ਜਿੰਨਾ ਚਿਰ ਪਰਚੇ ਦਾ ਕੋਈ ਲਕਸ਼ ਨਾ ਹੋਵੇ ਜਾਂ ਸੌੜੇ ਹਿੱਤ ਹੋਣ, ਤਾਂ ਕੋਈ ਵੀ ਪਰਚਾ ਬਹੁਤੀ ਦੇਰ ਜੀਵਿਤ ਨਹੀਂ ਰਹਿ ਸਕਦਾ। ਸੋ ਕੋਈ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਹੈ ਜਿਸ ਨਾਲ ਅਸੀਂ ਸਭ ਏਥੇ ਆਏ ਲੇਖਕ ਇਕ ਪਲੇਟਫਾਰਮ ਤੇ ਆਕੇ ਕੁਝ ਸੁਚੱਜੇ ਲਕਸ਼ ਸਥਾਪਤ ਕਰ ਸਕੀਏ। ਇਕ ਦੂਜੇ ਦੀ ਨਿੰਦਾ, ਬੇਕਾਰ ਪੜਚੋਲ, ਨਾ ਸਾਡਾ ਜ਼ਾਤੀ ਤੌਰ ਤੇ ਕੁਝ ਸੁਆਰ ਸਕਦੀ ਹੈ ਨਾ ਸਾਹਿਤਕ ਤੌਰ ਤੇ। ਸਭ ਲੇਖਕਾਂ ਨਾਲ "ਵਤਨੋਂ ਦੂਰ" ਨੂੰ ਸੰਪਰਕ ਕਾਇਮ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਏਥੇ ਵਸਦੇ ਤੇ ਆਪਣੇ ਵਤਨ ਵਸਦੇ ਲੋਕਾਂ ਦੇ ਸਾਹਮਣੇ ਇਕ ਸੰਗਠਿਤ ਰੂਪ ਵਿਚ ਪੇਸ਼ ਹੋਕੇ ਉਚਤਮ ਸਾਹਿਤਕ-ਕ੍ਰਿਤਾਂ ਦੀ ਪ੍ਰਦਰਸ਼ਨੀ ਕਰ ਸਕੀਏ। ਇਹ ਮੇਰੀ ਜ਼ਾਤੀ ਰਾਇ ਹੈ। ਅੱਗੇ ਤੁਸੀਂ, ਅਜਮੇਰ, ਪੰਜਲ ਸਭ ਸਿਆਣੇ ਹੋ। ਪਰਚੇ ਨੂੰ ਚਲਾਉਣਾ ਕੋਈ ਸੌਖਾ ਕੰਮ ਨਹੀਂ, ਤੇ ਤੁਹਾਡੀ ਘਾਲਣਾ, ਹਿੰਮਤ ਤੇ ਸਮੇਂ ਦੀ ਕੁਰਬਾਨੀ ਦੀ ਜਿੰਨੀ ਦਾਦ ਦਿੱਤੀ ਜਾਵੇ ਥੋੜੀ ਹੈ। ਜਿਵੇਂ ਪਰਚੇ ਦੀ ਦਿੱਖ ਖੂਬਸੂਰਤ ਹੈ, ਜੇ ਅਸੀਂ ਮਿਆਰ (ਸਾਹਿਤਕ) ਸਥਾਪਤ ਕਰ ਲਈਏ ਤਾਂ 'ਵਤਨੋਂ ਦੂਰ' ਪੰਜਾਬ ਛਪਦੇ ਪਰਚਿਆਂ ਤੋਂ ਬਾਜ਼ੀ ਲੈ ਸਕਦਾ ਹੈ।

ਦਰਸ਼ਨ ਗਿੱਲ
ਫੋਰਟ ਨੈਲਸਨ/ ਬੀ. ਸੀ.

ਵਰਿਆਮ ਸੰਧੂ ਦੀ ਕਹਾਣੀ ਅਤੇ ਉਦਾਸੀ ਦੀ "ਵਸੀਹਤ" ਐਂਤਕੀ ਦੇ ਪਰਚੇ ਦੀਆਂ ਪ੍ਰਾਪਤੀਆਂ ਹਨ। ਘਟੀਆ ਛਪਾਈ ਅਤੇ ਨਾਵਲੀ-ਅੰਸ਼ਾਂ ਦੇ ਬਾਵਜੂਦ ਵੀ ਕਹਾਣੀ ਦਾ ਪ੍ਰਭਾਵ ਬੜਾ ਤਿੱਖਾ ਹੈ! "ਤੂੰ ਪੁੱਛ ਕਿਉਂ?" "ਕਿਉਂਕਿ ਪੂੰਜੀਵਾਦ ਦੀ ਰੱਸਾ-ਕਸ਼ੀ ਵਿਚ ਹਾਰਿਆ ਹੋਇਆ ਫੌਜਾ ਮਰਦਾ ਮਰਦਾ ਵੀ ਕੁੱਝ ਨਾ ਕੁਝ "ਆਪਣਾ ਵੇਖਣਾ ਚਾਹੁੰਦਾ ਹੈ, ਭਾਵੇਂ ਆਪਣੇ ਬੇਗਾਨੇਪਣ ਦਾ ਪੱਕਾ ਸਬੂਤ ਦੇਣ ਲਈ ਆ ਰਹੇ ਭਜਨੇ ਦਾ ਕ੍ਰੋਧਿਤ ਮੂੰਹ ਹੀ ਹੋਵੇ — ਐਨੇ ਡੂੰਘੇ ਅਨੁਭਵ ਲਈ ਸੰਧੂ ਨੂੰ ਸਲਾਮ!

ਇੰਡੋ-ਕਨੇਡੀਅਨ ਦੀ ਸ਼ਰਧਾਂਜਲੀ ਬਾਰੇ ਤੁਹਾਡੇ ਵਿਚਾਰਾਂ ਵਿਚ ਕੁੱਝ ਕੁ ਵਾਧੇ ਦੀ ਲੋੜ ਹੈ। ਸ਼ਹੀਦ ਸੁੱਚਾ ਸਿੰਘ ਤੇ ਉਸ ਵਰਗੇ ਹੋਰ ਭਾਰਤੀ ਅਤੇ ਪਾਕਿਸਤਾਨੀ ਬਾਕੀ 36 'ਤੇ

# LOYAL FURNITURE LTD.

## Offers Best Prices in Town

**On All Kinds of Household Furniture, Appliances & Carpets**

Special Introductory Sales On
LOYAL'S ORTHOPEDIC BEDS
*For Top Quality - Low Prices*
Always Remember Loyal
Easy To Get To - Easy To Deal With

Special Sale Prices On Beds
By Sealy & Restonic

Deluxe Livingroom Suites by
Rankin or Atlantic
Often Copied But Never Equalled

**Beautiful Coffee Table Set**
**$88.99**
(Or Coffee Table Only - $33.90)



Pecan or Walnut
(Similar to Illustration)

Sealy
"All Sealy Beds On Special Sale"

**Cash & Carry Only**
**Drawer Chest**
**$27.50**



Beautifully Finished
Similar to Illustration
29x36



**$279.00**

**NIGHT TABLE EXTRA**

**90 days same as cash - no interest**

**LOYAL FURNITURE LTD.**
2707 Main (at 11th)

VISA

Ph. 879-8319
HOURS
Mon.-Fri. 9-8 Sat. 9-6

# A FANTASTIC INSURANCE PROGRAMME

## Available in Canada UP TO $50,000

***NOW — a life insurance policy that GUARANTEES EVERY CENT OF YOUR MONEY BACK anytime you ask — after premiums have been paid and the policy has been in force for two years.***



**JARNAIL S. SARAN**
**Life Underwriter**
**273-6708**

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



**JAGJIT SINGH SIDHU M.A.**
Unit Supervisor
Res.: 324-2493

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

---

# MODERN—PARTY—RENTAL

## 6610-Main Street

**PHONE: 324-3515**
**325-501**

ਵਿਆਹ ਸ਼ਾਦੀਆਂ ਲਈ ਹਰ ਕਿਸਮ ਦੀ ਕਰਾਕਰੀ, ਟੇਬਲ, ਕੁਰਸੀਆਂ
ਸਟੀਲ ਦੇ ਬਰਤਨ, PAPER GOODS & BAR SUPPLIES
ਤੁਸੀਂ ਸਸਤੇ ਭਾਅ ਕਿਰਾਏ ਤੇ ਲੈ ਸਕਦੇ ਹੋ।

---

**INDIA'S FAMOUS TANDOORIE CHICKEN**

*Raja*

**RESTAURANT LTD.**

7271 MAIN ST., VANCOUVER B.C.

Phone: 325-5014

Catering For
WEDDING & SMALL HOME PARTIES.

CALL **325-5014**

# ਫਰੰਟੀਅਰ ਕਲਾਥ ਹਾਊਸ

***Imported Printed; Plain & Embroidered Sarees***

**SPECIALISTS IN:**

***All kinds of Quality Fabrics***
***Chuni, Lehngas***
***Suits, Silk Suits***

**Wedding Daj & Wari,**

***Kurtas, Men's Shirts, Cardigans Latest Fashions from Japan, India & U.K.***




HEAD OFFICE: NEW FRONTIER CLOTH HOUSE
PHAGWARA (PANJAB)
INDIA
Phone 2375

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**

# FRONTIER CLOTH HOUSE LTD.

**6672 MAIN STREET VANCOUVER, B.C.**

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2